ੴ

ਮਾਸਿਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA

ਸੋਈ ਰਾਮਦਾਸੁ ਗੁਰੁ ਬਲ ਭਣਿ
ਮਿਲਿ ਸੰਗਤਿ ਧੰਨਿ ਧੰਨਿ ਕਰਹੁ ।।



OCT. 97 ਅਕਤੂਬਰ ੯੭

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ੧
੨. ਧਰਮਰਾਇ ਦੀ ਦਰਗਾਹ ੫
੩. ਚੜਦੀ ਕਲਾ ਦਾ ਚਮਤਕਾਰ ੮
੪. ਸ੍ਰੀ ਗੁਰੂ ਰਾਮਦਾਸ ਜੀ ੯
੫. ਜੀਵਨ ਬਿਉਰਾ ਸ੍ਰੀ ਗੁਰੂ ਰਾਮਦਾਸ ਜੀ ੧੨
੬. ਸ੍ਰੀ ਗੁਰੂ ਰਾਮਦਾਸ ਜੀ ਤੇ ਅੰਮ੍ਰਿਤਸਰ ੧੩
੭. ਸੋਢੀ ਸੁਲਤਾਨ (ਕਵਿਤਾ) ੧੮
੮. ਸਿਖ ਰਹਿਤ ਤੇ ਦਸ ਗੁਰੂ-ਜੋਤਿ ੧੯
੯. ਕੇਸਕੀ ਦੀ ਸ਼ੋਭਾ ੨੪
੧੦. ਲੜੀਦਾਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੨੫
੧੧. ਗੁਰਮਤਿ ਅਤੇ ਮਾਸ ੨੬
੧੨. ਚਾਹ ਵਿਚ ਹਾਨੀਕਾਰਕ ਰਸਾਇਣਕ ਤੱਤ ੨੯
੧੩. ਸਾਧ ਸੰਗਤ ਅਸਥਾਨ ਜਗ-ਮਗ ਨੂਰ ਹੈ ੩੦
੧੪. ਤੂੰ ਸਮਰਥ ਦਾਤਾ (ਕਵਿਤਾ) ੩੨
੧੫. ਜਾਗਨਾ ਜਾਗਨੁ ਨੀਕਾ ੩੩
੧੬. ਕਰਮ ਫਿਲਾਸਫੀ ੩੫


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮਦਾਸ ਜੀ | 17 ਅਕਤੂਬਰ |
| ਗੁਰਿਆਈ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ | 24ਅਕਤੂਬਰ |
| ਜੋਤੀ ਜੋਤ ਸ੍ਰੀ ਗੁਰੂ ਹਰਿ ਰਾਏ ਜੀ | 24 ਅਕਤੂਬਰ |
| ਜੋੜ ਮੇਲਾ ਦਰਬਾਰ ਸਾਹਿਬ (ਅੰਮ੍ਰਿਤਸਰ) | 30 ਅਕਤੂਬਰ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧੭੭੪੩
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋੜ।
ਸੂਚਨਾ – ਹਰ ਐਤਵਾਰ 'ਸੂਰਾਂ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿੱ

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel. ੦੧੭੩੪–੨੬੭੯੦
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧–੬੯੬੩੪੮੪੧
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:–243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੇ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ–੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੧
ਅਕਤੂਬਰ ੧੯੯੭
ਅੰਕ ੧੦

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

**ਸਾਲਾਨਾ ਚੰਦਾ** ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
**ਅਮਾਨਤੀ ਲਾਈਫ ਮੈਂਬਰਸ਼ਿਪ** ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
**ਚੰਦਾ ਭੇਜਣ ਦਾ ਪਤਾ** 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

*ਬਾਨਾਰਸੀ ਤਪੁ ਕਰੈ, ਉਲਟਿ ਤੀਰਥਿ ਮਰੈ,*
*ਅਗਨਿ ਦਹੈ, ਕਾਇਆ ਕਲਪੁ ਕੀਜੈ।।*
*ਅਸੁਮੇਧ ਜਗੁ ਕੀਜੈ, ਸੋਨਾ ਗਰਭ ਦਾਨੁ ਦੀਜੈ,*
*ਰਾਮਨਾਮ ਸਰਿ, ਤਊ ਨ ਪੂਜੈ।।੧।।*
*ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ।।*
*ਹਰਿ ਕਾ ਨਾਮੁ ਨਿਤ ਨਿਤਹਿ ਲੀਜੈ।।੧।। ਰਹਾਉ।।....*
(ਰਾਮਕਲੀ ਘਰੁ ੨ ਨਾਮਦੇਵ ਜੀਉ) (ਪੰਨਾ ੬੭੩)

## ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ।।
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ।।
ਸੰਤਹੁ ਸਾਗਰੁ ਪਾਰਿ ਉਤਰੀਐ।।
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ।। ੧।।ਰਹਾਉ।।
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ।।
ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ।।੨।।
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ।।
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ।।੩।।
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।।
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ।।
।।੪।।੩।।੫੦।। (ਸੂਹੀ ਮਹਲਾ ੫, ਪੰਨਾ ੭੪੭-੪੮)

ਵਿਆਖਿਆ -ਪਰਸਿਧ ਆਨਮਤਾਂ ਦੇ ਕਰਮ ਧਰਮ ਜਿਤਨੇ ਭੀ ਹਨ, ਸੋ ਸਭਿ ਪਾਖੰਡ ਰੂਪ ਹਨ। ਤਿਨ੍ਹਾਂ ਪਾਖੰਡ ਰੂਪ ਕਰਮਾਂ ਧਰਮਾਂ ਦੇ ਕੀਤਿਆਂ ਕਰਨਹਾਰੇ ਜੀਵਾਂ ਦਾ ਕੱਖ ਨਹੀਂ ਸੰਵਰਨਾ, ਸਗੋਂ ਅਗੇ ਜਾ ਕੇ ਏਹਨਾਂ ਪਾਖੰਡ ਕਰਮਾਂ ਧਰਮਾਂ ਦੇ ਕਰਨਹਾਰਿਆਂ ਉਤੇ ਜਮ ਜਗਾਤੀ ਦੀ ਜਗਾਤ (ਚੁਕਾਤ) ਦੇਣੀ ਪੈਂਦੀ ਹੈ। ਜਮ ਦਾ ਭਾਰਾ ਟੈਕਸ ਲਗਦਾ ਹੈ। ਜਿਸ ਕਰਕੇ ਉਕਤ ਕੀਤੇ ਕਰਮ ਧਰਮ ਸਾਰੇ ਹੀ ਲੁੱਟੇ ਖਸੁੱਟੇ ਜਾਣੇ ਹਨ ਅਤੇ ਜਮ ਦਾ ਡੰਡ ਕਰਾਰਾ ਵਖਰਾ ਸਹਿਣਾ ਪੈਂਦਾ ਹੈ। ਇਹ ਆਨਮਤ ਕਰਮ ਧਰਮ ਕੀਤੇ ਅਗੇ ਜਾ ਕੇ ਉੱਕੇ ਹੀ ਸਹਾਈ ਨਹੀਂ ਹੁੰਦੇ । ਚਾਹੇ ਸਾਰੀ ਉਮਰ ਹੀ ਕੋਈ ਕਰਮਚਾਰੀ ਧਰਮਚਾਰੀ ਇਹਨਾਂ ਕਰਮਾਂ ਧਰਮਾਂ ਨੂੰ ਕਰਦਾ ਰਹੇ। ਉਸਦਾ ਕਦੇ ਭੀ ਛੁਟਕਾਰਾ ਨਹੀਂ ਹੁੰਦਾ ਜਮ ਜਾਗਾਤ ਤੋਂ, ਜਮ ਦੀ ਡੰਡ ਸਹਾਤ ਤੋਂ। ਛੁਟਕਾਰਾਂ ਹੁੰਦਾ ਹੈ ਤਾਂ ਕੇਵਲ ਗੁਰਬਾਣੀ ਦੇ ਨਿਰਬਾਣ (ਨਿਰੋਲ) ਕੀਰਤਨ ਕੀਤਿਆਂ। ਗੁਰਬਾਣੀ ਦੇ ਨਿਰਬਾਣ ਕੀਤਰਨ ਦੁਆਰਾ ਵਾਹਿਗੁਰੂ ਕਰਤੇ ਪੁਰਖ ਦਾ ਜਸ ਗਾਇਆਂ ਅਤੇ ਸਿਫਤਿ ਸਾਲਾਹਿਆਂ ਹੁੰਦਾ ਹੈ। ਗੁਰਮਤਿ ਨਾਮ ਸਿਫਤਿ ਸਾਲਾਹੀ ਸਿਮਰਨੁ ਗੁਰਮੁਖਾਂ ਦੀ ਰਸਨਾ ਤੋਂ ਇਕ ਨਿਮਖ ਮਾਤਰ ਕੀਤਾ ਹੋਇਆ ਹੀ ਛੁਟਕਾਰਾ ਨਿਸਤਾਰਾ ਕਰਿ ਦਿੰਦਾ ਹੈ, ਜੋ ਛੁਟਕਾਰਾ ਤੇ ਨਿਸਤਾਰਾ ਸਾਰੀ ਉਮਰ ਆਨਮਤ ਕਰਮਾਂ ਧਰਮਾਂ ਦੇ ਕੀਤਿਆਂ ਨਹੀਂ ਹੁੰਦਾ। ਤਾਂਤੇ ਪਰਮਾਰਥ ਦੇ ਪਾਧੀਆਂ, ਗੁਰਮਤਿ ਗੁਰੂ ਘਰ ਦੇ ਉਚ ਆਤਮ ਅਕਾਂਖੀਆਂ, ਸੰਤਾਂ ਭਗਤਾਂ ਨੂੰ ਹੀ ਭਵ ਸਾਗਰ ਤੋਂ ਪਾਰ ਉਤਰਨ ਦਾ ਸੱਚਾ ਈਸ਼ਰੀ, ਈਸ਼ਰ ਰਹਿਮਤੀ ਲਾਈਸੈਂਸ ਹੈ, ਹੋਰ ਕਿਸੇ ਨੂੰ ਨਹੀਂ।

ਹੋਰ ਜਿਸ ਕਿਸੇ ਨੇ ਭੀ ਇਸ ਭਵ-ਸਾਗਰ ਤੋਂ ਤਰਨਾ ਉਧਰਨਾ ਮਨਸੂਬਿਆ ਹੋਵੇ, ਸੋ ਪੁਰਸ਼ ਗੁਰਪ੍ਰਸਾਦੀ ਹੀ ਤਰ ਸਕਦਾ ਹੈ। ਅਤੇ ਗੁਰ ਕਰਤਾਰ ਦੀ ਇਸ ਨਿਸਤਾਰੇ, ਪਾਰ-ਉਤਾਰੇ ਦੀ ਰਹਿਮਤ ਓਸੇ ਤੇ ਨਾਜ਼ਲ ਹੁੰਦੀ ਹੈ ਜੋ ਸੰਤ ਸਰੂਪ ਪੰਜਾਂ ਪਿਆਰਿਆਂ ਸ੍ਰੇਸ਼ਟ ਜਨਾਂ ਦੁਆਰਾ ਮਿਲੀ ਗੁਰਦੀਖਿਆ ਮਈ ਬਚਨ (ਗੁਰਮੰਤਰ) ਨੂੰ ਅਭਿਆਸ ਕਰਿ ਕਰਿ ਕਮਾਵੰਦੇ ਹਨਘੰ ਇਸ ਕਲਜੁਗ ਵਿਖੇ ਭਾਵੇਂ ਆਨਮਤੀ ਕ੍ਰੋੜਾਂ ਤੀਰਥਾਂ ਦਾ ਇਸ਼ਨਾਨ ਅਤੇ ਪੁਰਬੀ ਮਹਾਤਮ ਵਾਲਾ ਮੱਜਨ ਇਸ਼ਨਾਨ ਕੀਤਾ ਜਾਵੇ ਤਾਂ ਭੀ ਓਹਨਾਂ ਮੱਜਨ ਕਰਨਹਾਰਿਆਂ ਮੱਜਨ ਇਸ਼ਨਾਨੀਆਂ ਦੀ ਮੈਲ ਨਹੀਂ ਲਹਿੰਦੀ। ਮੈਲ ਲਗੀ ਹੀ ਰਹਿੰਦੀ ਹੈ। ਮੱਜਨ ਇਸ਼ਨਾਨ ਕਰਨਹਾਰੇ ਮੈਲ ਭਰੇ ਹੀ ਰਹਿੰਦੇ ਹਨ, ਕਿਉਂਕਿ ਕਲਜੁਗ ਵਿਖੇ ਕਿਸੇ ਆਨਮਤੀ ਤੀਰਥ ਦਾ ਮਹੱਤ ਬਰਕਤੀ ਮਹਾਤਮ ਨਹੀਂ ਰਿਹਾ। ਇਹਨਾਂ ਵਿਚਿ ਨ੍ਹਾਤਿਆਂ ਭੀ ਮੈਲ ਲਹਿੰਦੀ ਨਹੀਂ। ਮੈਲ ਲਹਿੰਦੀ ਹੈ ਤਾਂ ਕਲਜੁਗ ਵਿਖੇ ਗੁਰੂ ਘਰ ਦੀ ਸਾਧ ਸੰਗਤਿ ਵਿਚਿ ਬੈਠੇ ਹਰਿ ਗੁਣ ਗਾਉਣਹਾਰਿਆਂ ਗੁਰਮੁਖਾਂ ਦੀ ਲਹਿੰਦੀ ਹੈ। ਗੁਰਮੁਖ ਜਨ ਸਾਧ ਸੰਗਤ ਸਰੋਵਰੀ ਹਰਿ ਜਸ ਦਾ ਇਸ਼ਨਾਨ ਕਰਿ ਕਰਿ ਨਿਰਮਲ ਹੋ ਜਾਂਦੇ ਹਨ। ਵਾਹਿਗੁਰੂ ਦਾ ਜਸ ਗਾਉਣਹਾਰਿਆਂ ਨੂੰ ਵਾਹਿਗੁਰੂ ਪਾਰਸ-ਕਲਾ ਵਰਤਾਇ ਕੇ ਆਪਿ ਨਿਰਮਲ ਕਰਿ ਦਿੰਦਾ ਹੈ। ਹੋਰ ਜੋ ਕੋਈ ਆਨਮਤ ਦੇ ਧਰਮ-ਪੁਸਤਕ ਹਨ, ਚਾਹੇ ਬੇਦ ਹਿੰਦੂਆਂ ਦੇ, ਸਾਰੀਆਂ ਮੁਸਲਮਾਨੀ ਮਤ ਦੀਆਂ ਕੁਰਾਨ ਆਦਿਕ ਕਿਤਾਬਾਂ, ਹਿੰਦੂ ਮਤ ਦੇ ਰਿਸ਼ੀਆਂ ਮੁਨੀਆਂ ਦੀਆਂ ਸਾਜੀਆਂ (ਰਚੀਆਂ) ਸ਼ਾਸਤਰ ਸਿਮ੍ਰਤੀਆਂ ਆਦਿਕ ਧਰਮ-ਪੁਸਤਕਾਂ ਹਨ ਇਹਨਾਂ ਦੇ ਪੜ੍ਹਿਆਂ ਤੋਂ ਮੁਕਤੀ ਨਹੀਂ ਹੁੰਦੀ, ਮੁਕਤੀ ਪ੍ਰਾਪਤਿ ਨਹੀਂ ਹੰਦੀ। ਗੁਰੂ ਘਰ ਦੇ ਗੁਰਮੁਖਾਂ ਦੀ ਇਕ ਗੁਰਮਤੀ ਜਾਪ ਤੋਂ, ਕਲਿਆਣ ਹੋ ਜਾਂਦੀ ਹੈ। ਤਿਨ੍ਹਾਂ ਨੂੰ ਅਗੇ ਜਾ ਕੇ ਸੱਚੀ ਦਰਗਾਹ ਵਿਚ ਨਿਰਾਲੀ ਹੀ ਸ਼ੋਭਾ ਦਾ ਮਨਸਬ ਮੁਰਾਤਬਾ ਮਿਲਦਾ ਹੈ। ਗੁਰਮੰਤਰ ਦੇ ਇਕ ਲਫਜ਼ੀ ਜਾਪ ਅਭਿਆਸ ਨਾਲਿ ਓਹ ਮੁਕਤੀਸ਼ਰੀ ਮਰਾਤਬਾ ਮਿਲਦਾ ਹੈ, ਗੁਰਮਤਿ ਨਾਮ ਅਭਿਆਸ ਕਰਨਹਾਰੇ ਗੁਰਸਿਖ ਅਭਿਆਸੀ ਜਨ ਨੂੰ, ਜੋ ਸਾਰੀ ਉਮਰ ਦਸੀਆਂ ਆਨਮਤ ਧਰਮ ਪੁਸਤਕਾਂ ਦੇ ਪੜ੍ਹਨਹਾਰਿਆਂ ਨੂੰ ਨਹੀਂ ਮਿਲਦਾ। ਓਹਨਾਂ ਨੂੰ ਤਾਂ ਮੁਕਤੀ ਉਕੀ ਹੀ ਪ੍ਰਾਪਤਿ ਨਹੀਂ ਹੁੰਦੀ।

ਫੇਰ ਗੁਰਮਤਿ ਨਾਮ ਦੇ ਜਾਪ-ਅਭਿਆਸ ਦਾ ਵਾਧਾ ਇਹ ਹੈ ਕਿ ਇਸ ਦਾ (ਗੁਰ ਮੰਤਰ ਦਾ) ਜਾਪ ਅਭਿਆਸ ਦਾ ਅਧਿਕਾਰ ਹਰ ਮੱਤ ਮਤਾਂਤਰੀ, ਹਰ ਇਕ ਮਜ਼ਹਬ, ਮਿੱਲਤ, ਜ਼ਾਤ ਪਾਤ ਦੇ ਆਦਮੀਆਂ ਲਈ ਖੁਲ੍ਹਾ ਹੈ ਅਤੇ ਇਸ ਦੇ ਸਾਂਝੀਵਾਲ ਹਰਫ਼ਰਦੇ-ਬਸ਼ਰ ਹਨ। ਹਰ ਇਨਸਾਨ ਹੈ, ਭਾਵੇਂ ਜਾਤ ਪਾਤ ਕਰਕੇ ਸਦਾਉਣ ਵਾਲੇ ਉਚੇ ਨੀਵੇਂ ਕਿਸੇ ਫ਼ਿਰਕੇ ਦਾ ਹੋਵੇ। ਏਥੇ ਊਚ ਨੀਚ ਦਾ ਕੋਈ ਵਿਤਕਰਾ ਨਹੀਂ। ਅਧਿਕਾਰ ਸਭਨਾਂ ਦਾ ਸਾਂਝਾ ਹੈ। ਹਰੇਕ ਮਜ਼ਹਬ ਦਾ, ਹਰੇਕ ਮੱਤ ਦਾ, ਹਰੇਕ ਜ਼ਾਤ ਪਾਤ ਫ਼ਿਰਕੇ ਦਾ ਪ੍ਰਾਣੀ ਇਸ ਗੁਰ-ਮੰਤਰ ਜਾਪ ਅਭਿਆਸ ਤੇ ਉਪਦੇਸ਼ ਦਾ ਪਾਤਰ ਅਧਿਕਾਰੀ ਹੈ। ਕਿਸੇ ਪੁਰਸ਼ ਜ਼ਾਤ ਪਾਠ ਲਈ ਇਹ ਜਾਪ ਮਖ਼ਸੂਸ ਨਹੀਂ, ਜੈਸੇ ਕਿ ਹਿੰਦੂ ਮਤ ਵਿਚਿ ਖਤਰੀ, ਬ੍ਰਾਹਮਣ, ਸ਼ੂਦ ਤੇ ਵੈਸ਼ ਚੌਹਾਂ ਜ਼ਾਤਾ ਵਰਨਾਂ ਦਾ ਵਿਤਕਰਾ ਹੈ। ਉਹਨਾਂ ਵਿਚਿ ਵੇਦ-ਮੰਤਰਾਂ ਦੇ ਅਧਿਕਾਰੀ, ਧਰਮ ਸ਼ਾਸਤ੍ਰਾਂ ਦੇ ਪੜ੍ਹਨ ਦੇ


www.AKJ.Org

ਅਧਿਕਾਰੀ ਖ਼ਾਸ ਖ਼ਾਸ ਜ਼ਾਤ ਵਰਨ ਦੇ ਪੁਰਸ਼ ਹੀ ਗਰਦਾਨੇ ਜਾਂਦੇ ਹਨ। ਸ਼ੂਦਰ ਆਦਿਕ ਉਕੇ ਹੀ ਅਧਿਕਾਰੀ ਨਹੀਂ। ਇਸਤ੍ਰੀ ਜਾਤੀ ਨੂੰ ਭੀ ਸ਼ੂਦਰ ਸਮਝ ਕੇ ਦੁਰਕਾਰਿਆ ਜਾਂਦਾ ਹੈ। ਗੁਰੂ ਘਰ ਦਾ ਗੁਰਮੁਖੀ ਨਾਮੁ ਐਸਾ ਹੈ ਜਿਸ ਨੂੰ ਕੋਈ ਜਪੇ, ਉਸੇ ਦਾ ਉਧਾਰ ਹੋ ਜਾਂਦਾ ਹੈ। ਕਲਜੁਗ ਵਿਖੇ ਉਧਾਰ ਹੀ ਨਾਮ, ਗੁਰਮਤਿ ਨਾਮ ਜਪਿਆ ਹੁੰਦਾ ਹੈ। ਅਤੇ ਸਾਰੇ ਪ੍ਰਾਣੀਆਂ ਇਨਸਾਨਾਂ ਦਾਰਦ ਦੀਨਾਂ ਦਾ ਉਧਾਰ ਹੋ ਜਾਂਦਾ ਹੈ, ਪਰ ਗੁਰਸਿਖ ਤੇ ਗੁਰਮੁਖ ਬਣ ਕੇ। ਗੁਰਮੁਖ ਬਣਨ ਦਾ ਗੁਰਸਿਖ ਸਜਣ ਦਾ ਅੰਮ੍ਰਿਤ ਛਕਣ ਦਾ ਅਧਿਕਾਰ ਸਾਰਿਆਂ ਨੂੰ ਹੈ, ਮਲੇਛ ਚੰਡਾਲਾਂ ਨੂੰ ਭੀ ਹੈ। ਖ਼ਾਸ ਹੱਕ ਮਖ਼ਸੂਸ ਨਹੀਂ। ਕਿਸੇ ਦਾ ਹੱਕ ਮਹਿਫ਼ੂਜ਼ ਨਹੀਂ। ਗੁਰਮਤਿ ਦੇ ਉਪਦੇਸ਼ ਦਾ ਹਕ ਸਭ ਵਰਨਾਂ ਆਸ਼੍ਰਮਾਂ, ਮਜ਼ਹਬਾਂ ਮਤਾਂ ਲਈ ਸਾਂਝਾ ਹੈ। ਊਚ ਨੀਚ ਦਾ ਵੰਡ-ਵੰਡੇਵਾਂ ਵਖੇਵਾਂ ਏਥੇ ਊੱਕਾ ਹੀ ਨਹੀਂ। ਜੋ ਪ੍ਰਾਣੀ ਭੀ ਅੰਮ੍ਰਿਤ ਛਕ ਕੇ ਅਤੇ ਅੰਮ੍ਰਿਤ-ਸਿੰਚਾਰ ਸਮੇਂ ਨਾਮ ਗੁਰਮੰਤ੍ਰੀ ਦੀਖਿਆ ਲੈ ਕੇ ਫੇਰ ਗੁਰਮਤਿ ਨਾਮ ਦੇ ਅਭਿਆਸ ਦੀਆ ਅਤੁਟ ਜਾਪ-ਕਮਾਈਆਂ ਕਰ ਲਵੇ, ਉਸ ਦਾ ਉਧਾਰ ਹੋ ਜਾਂਦਾ ਹੈ। ਇਸ ਕਲੀਕਾਲ ਵਿਖੇ ਗੁਰਮਤਿ ਧਰਮ ਧਾਰਨੀਆਂ ਦੀ ਇਹੀ ਵਿਸ਼ੇਸ਼ਤਾ ਹੈ। ਆਨਮਤੀ ਜ਼ਾਤ-ਪਾਤੀ ਵਿਤਕਰੇ ਵਾਲੀ ਹੋਚਤਾ ਏਥੇ ਨਹੀਂ। ਅਗਲਾ ਗੁਰਵਾਕ ਭੀ ਆਨਮਤਿ ਕਰਮਾਂ ਦੀ ਨਿਖੇਧੀ ਇਸ ਵਿਧਿ ਕਰਦਾ ਹੈ। ਯਥਾਂ ਗੁਰਵਾਕ -

*ਬੇਦ ਪੜੇ ਪੜਿ ਬ੍ਰਹਮੇ ਹਾਰੇ*
*ਇਕੁ ਤਿਲੁ ਨਹੀ ਕੀਮਤਿ ਪਾਈ॥*
*ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ॥੨॥*
*ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ॥*
*ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ॥੩॥*

੪॥੨॥ ੪੯॥ (ਸੂਹੀ ਮਹਲਾ ੫, ਪੰਨਾ ੭੪੨)

ਭਾਵ- ਬੇਦਾਂ ਨੂੰ ਪੜ੍ਹਨਹਾਰੇ ਅਨੇਕਾਂ ਬੇਦ-ਬਕਤੇ ਅਤੇ ਬੇਦ-ਬੇਤੇ ਬ੍ਰਹਮੇ ਹੋ ਗੁਜ਼ਰੇ ਹਨ ਅਤੇ ਬੇਦਾਂ ਦੀਆਂ ਪੜ੍ਹਾਈਆਂ ਪੜ੍ਹ ਪੜ੍ਹ ਹਾਰ ਗਏ ਹਨ, ਤਿਨ੍ਹਾਂ ਤੋਂ ਤਿਲ ਮਾਤਰ ਭੀ ਕਾਦਰ ਕਰਤੇ ਪੁਰਖ ਦੀ ਕੀਮਤਿ ਨਹੀਂ ਪਾਈ ਗਈ। ਸਾਧਕੀ ਅਤੇ ਅਨੇਕਾਂ ਸਾਧਨਾ ਸਾਧਨਹਾਰੇ ਅਤੇ ਸਿਧ ਜੋਗੀ ਵਿਲਕਦੇ ਫਿਰਦੇ ਹਨ। ਤਿਨ੍ਹਾਂ ਤੋਂ ਭੀ ਕੋਈ ਪੂਰੀ ਨਹੀਂ ਪਈ। ਮਾਇਆ ਦੇ ਮੋਹ ਵਿਚਿ ਹੀ ਅਟਕ ਕੇ ਉਲਝ ਗਏ ਅਤੇ ਓਥੇ ਹੀ ਰਹਿ ਗਏ। ਪਰਮਾਰਥ ਦਾ ਪੈਂਡਾ ਦੂਰ ਰਹਿ ਗਿਆ। ਮੰਜ਼ਲ ਅੱਤ ਦੂਰ ਰਹਿ ਗਈ। ਵਿਸ਼ਨੂੰ ਨੇ ਦਸ ਅਉਤਾਰ ਧਾਰੇ ਅਤੇ ਰਾਜਸੀ ਪਖ ਵਿਚਿ ਹੋ ਕੇ ਹੀ ਬਥੇਰਾ ਵਰਤਿਆ, ਮਹਾਂਦੇਉ ਅਵਧੂਤ ਹੀ ਬਣਿਆ ਰਿਹਾ। ਮਹਾਂ ਤਿਆਗ ਸੰਨਿਆਸ ਦਾ ਧਾਰਨੀ ਬਣਿਆ ਰਿਹਾ। ਭਸਮ ਬਿਭੂਤੀਆਂ ਬਥੇਰੀਆਂ ਲਾ ਥਕਿਆ, ਨਾ ਤਿਸ ਨੇ ਵਾਹਿਗੁਰੂ ਦਾ ਅੰਤ ਪਾਇਆ, ਨਾ ਵਿਸ਼ਨੂੰ ਅਵਤਾਰਾਂ ਰਾਜ ਲੀਲ੍ਹਾ ਵਰਤਾਉਣ-ਹਾਰਿਆਂ ਨੇ ਵਾਹਿਗੁਰੂ ਦਾ ਅੰਤ ਪਾਇਆ। ਇਹਨਾਂ ਦੇ ਕਰਮ ਧਰਮ ਕੀਤੇ ਨਿਸਫਲ ਹੀ ਗਏ। ਇਹਨਾਂ ਦੀ ਕਲਿਆਣ ਨਾ ਹੀ ਹੋਈ। ਅੰਤ ਤਾਂ ਕੀ ਪਾਉਣਾ ਸੀ, ਪਾਖੰਡ ਕਰਮ ਦੀ ਨਿਖੇਧੀ ਅਗਲੇ ਗੁਰ ਪ੍ਰਮਾਣ ਦੀ ਦੁਤੁਕੀ ਇਸ ਤਰ੍ਹਾਂ ਕਰਦੀ ਹੈ-

*ਕਰਿ ਕਰਿ ਕਿਰਿਆਚਾਰ ਵਧਾਏ*
*ਮਨਿ ਪਾਖੰਡ ਕਰਮੁ ਕਪਟ ਲੋਭਈਆ॥*
*ਬੇਸੁਆ ਕੈ ਘਰਿ ਬੇਟਾ ਜਨਮਿਆ*
*ਪਿਤਾ ਤਾਹਿ ਕਿਆ ਨਾਮੁ ਸਦਈਆ॥੬॥*

(੮॥੬॥੯) ਬਿਲਾਵਲ ਮਹਲਾ ੪, ਪੰਨਾ ੮੩੮

ਅਨਮਤਿ ਕਿਰਿਆਚਾਰੀ ਕਰਮ ਕਰਿ ਕਰਿ ਬਥੇਰੇ ਪਾਖੰਡ ਕਰਮ ਆਨਮਤ ਕਰਮਚਾਰੀਆਂ ਨੇ ਵਧਾਏ,ਵਧ ਤੋਂ ਵਧ ਪਾਖੰਡ ਕਿਰਿਆਚਾਰੀ ਕਰਮ ਕੀਤੇ। ਪ੍ਰੰਤੂ ਮਨ ਕਰਕੇ ਇਹ ਪਾਖੰਡ ਕਰਮ ਹੀ ਰਿਹਾ ਅਤੇ ਪਾਖੰਡ ਕਰਮ ਕਰਨਹਾਰਿਆਂ ਪਾਖੰਡੀਆਂ ਦੇ ਮਨ ਵਿਚਿ ਲੋਭ-ਗ੍ਰਸਿਆ ਕਪਟ ਹੀ ਛਾਇਆ ਰਿਹਾ। ਤਿਸ ਤੋਂ ਪਰਮਾਰਥ ਦੀ ਪ੍ਰਾਪਤੀ ਕੀ ਹੋ ਸਕਣੀ ਸੀ ? ਤਸੂ ਭੀ ਨਾ ਹੋਈ। ਕੋਈ ਭੀ ਪਾਖੰਡ ਕਰਮ ਕੀਤਾ ਲੇਖੇ ਨਾ ਪਇਆ। ਜੈਸੇ ਕਿ ਬੇਸਵਾ ਚਾਹੇ ਕਿਤਨੇ ਬਿਭਚਾਰ ਕਮਾ ਲਵੇ, ਤਿਸ ਬਿਭਚਾਰਨ ਦੇ ਪੇਟੋਂ ਜੋ ਪੁਤਰ ਹੋਵੇਗਾ, ਹਰਾਮੀ ਹੀ ਕਹਾਉਂਦਾ ਹੈ। ਉਸ ਦੇ ਪਿਤਾ ਦਾ ਕੀ ਨਾਮ ਪਊ ਤੇ ਉਹ ਕਿਸ ਦਾ ਸਦਾਊ ? ਕਿਸੇ ਦਾ ਭੀ ਨਹੀਂ ਸਦਾਉਂਦਾ। ਤਿਵੇਂ ਹੀ ਆਨਮਤ ਪਾਖੰਡ ਕਰਮ ਕਰਨਹਾਰੇ ਤਿਸ ਬਿਭਚਾਰੀ ਬਾਜ਼ਾਰੀ ਇਸਤ੍ਰੀ ਨਿਆਈਂ ਬਿਭਚਾਰ ਕਰਮ ਹੀ ਕਮਾਉਂਦੇ ਹਨ। ਤਿਨ੍ਹਾਂ ਦੇ ਕਰਮ ਅਜਾਈਂ ਹੀ ਜਾਂਦੇ ਹਨ, ਕਿਸੇ ਲੇਖੇ ਨਹੀਂ ਪੈਂਦੇ। ਕਿਰਿਆਚਾਰ ਪੂਜਾ ਆਦਿਕ ਆਨਮਤ ਕਰਮ ਧਰਮ ਵਧਾ ਵਧਾ ਕੇ ਬਹੁਤ ਬਹੁਤ ਕੀਤੇ, ਪਰ ਮਨ ਵਿਚਿ ਝੂਠਾ ਵਿਖਾਵਾ ਲੋਭ ਅਤੇ ਵਲ ਛਲ ਇਹੋ ਕੰਮ ਹੀ ਰਿਹਾ। ਇਸ ਕਰਕੇ ਇਹ ਕਰਮ ਵਾਹਿਗੁਰੂ ਨੂੰ ਪ੍ਰਵਾਨ ਨਾ ਹੋਏ। ਨਾਨਾ ਪ੍ਰਕਾਰੀ ਅਨਮਤ ਕਰਮਾਂ ਦੀ ਨਿਖੇਧੀ ਅਗਲੇ ਗੁਰਵਾਕ ਅੰਦਰਿ ਭਲੀ ਭਾਂਤਿ ਕੀਤੀ ਗਈ ਹੈ-

**ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ ॥**
**ਪ੍ਰਾਗ ਇਸਨਾਨੇ॥੧॥**


www.AKJ.Org

ਤਉ ਨ ਪੁਜਹਿ ਹਰਿ ਕੀਰਤਿ ਨਾਮਾ।।
ਅਪੁਨੇ ਰਾਮਹਿ ਭਜੁ ਰੇ
ਮਨ ਆਲਸੀਆ।।੧।। ਰਹਾਉ।।
ਗਇਆ ਪਿੰਡ ਭਰਤਾ।।
ਬਨਾਰਸਿ ਅਸਿ ਬਸਤਾ।।
ਮੁਖਿ ਬੇਦ ਚਤੁਰ ਪੜਤਾ।।੨।।
ਸਗਲ ਧਰਮ ਅਛਿਤਾ।।
ਗੁਰ ਗਿਆਨ ਇੰਦ੍ਰੀ ਦ੍ਰਿੜਤਾ।।
ਖਟੁ ਕਰਮ ਸਹਿਤ ਰਹਤਾ।।੩।।
ਸਿਵਾ ਸਕਤਿ ਸੰਬਾਦੰ।।
ਮਨ ਛੋਡਿ ਛੋਡਿ ਸਗਲ ਭੇਦੰ।।
ਸਿਮਰਿ ਸਿਮਰਿ ਗੋਬਿੰਦੰ ।।
ਭਜੁ ਨਾਮਾ ਤਰਸਿ ਭਵ ਸਿੰਧੰ।।
।। ੪।।੧।।ਗੋਂਡ ਨਾਮਦੇਉ ਜੀ, ਪੰਨਾ ੮੭੩

ਇਸ ਗੁਰਵਾਕ ਅੰਦਰਿ ਇਹ ਪ੍ਰਤੀਪਾਦਨ ਕੀਤਾ ਗਿਆ ਹੈ ਕਿ ਕਰਮਕਾਰੀ ਯਗ ਦਾਨ, ਨਾਨਾ ਪ੍ਰਕਾਰੀ ਤੀਰਥ ਇਸ਼ਨਾਨ ਤੀਰਥਾਂ ਦੇ ਇਸ਼ਨਾਨ ਦੇ ਪਾਠ ਆਦਿਕ ਆਨਮਤੀ ਕਰਮ ਧਰਮ ਸਭ ਪਾਖੰਡ ਕਿਰਿਆ ਹਨ, ਵਾਹਿਗੁਰੂ ਦਾ ਨਾਮ ਅਤੇ ਸਿਫਤਿ ਸਾਲਾਹੀ ਜਾਪ ਦੇ ਤੁਲ ਤਸੂ ਮਾਤਰ ਭੀ ਨਹੀਂ ਪੁਜਦੇ। ਬੜੇ ਬੜੇ ਯਗ, ਅਸਮੇਧ ਯਗ, ਭਾਵੇਂ ਕੋਈ ਕਿਤਨੇ ਕਰੇ। ਆਪਣੇ ਬ੍ਰੋਬਰ ਤੋਲ ਕੇ ਸੋਨੇ ਦਾ ਦਾਨ ਕਰੇ। ਪ੍ਰਾਗ ਰਾਜ ਤੀਰਥ ਦੇ ਇਸ਼ਨਾਨ ਭਾਵੇਂ ਕਿਤਨੇ ਕਰੇ, ਤਾਂ ਭੀ ਇਹ ਨਾਮ ਸਿਫਤਿ ਸਾਲਾਹ ਦੇ ਤੁਲ ਨਹੀਂ ਪੁਜਦੇ।

ਤਾਂ ਤੇ ਅਨਮਤੀਆਂ ਦੀ ਰੀਸੇ ਇਹਨਾਂ ਕਰਮਾਂ ਧਰਮਾਂ ਵਿਚਿ ਖਚਿਤ ਹੋਣ ਦੀ ਕੋਈ ਲੋੜ ਨਹੀਂ। ਮਗਰ ਸਿਖਾਂ ਗੁਰਮਤਿ ਦੇ ਜਗਿਆਸੂਆਂ ਲਈ ਆਨਮਤੀਆਂ ਦੀ ਰੀਸ ਕਰਨਾ ਬੜਾ ਹੀ ਮਨਮਤੀ ਕਰਮ ਹੈ, ਜੋ ਗੁਰਮਤਿ ਅੰਦਰਿ ਨਿਖੇਧਿਆ ਗਿਆ ਹੈ। ਤਾਂਤੇ ਗੁਰਸਿਖਾਂ ਨੂੰ ਸਾਰੀਆਂ ਅਨਮਤਾਂ ਤਿਆਗ ਕੇ ਵਾਹਿਗੁਰੂ ਦੇ ਭਜਨ ਵਿਚਿ ਸਾਵਧਾਨ ਹੋ ਕੇ ਡਟ ਜਾਣਾ ਚਾਹੀਦਾ ਹੈ ਗਯਾ ਜਾ ਕੇ ਪਿਤਰਾਂ ਦੇ ਪਿੰਡ ਭਰਾਉਣੇ, ਕਾਸ਼ੀ (ਬਨਾਰਸ) ਵਿਖੇ ਜਾ ਕੇ 'ਆਸ' ਨਾਮੇ ਨਦੀ ਦੇ ਕਨਾਰੇ ਬਸਣਾ, ਚਾਰੇ ਬੇਦਾਂ ਦਾ ਕੰਠਾਗਰ (ਮੂੰਹ ਜ਼ਬਾਨੀ) ਪਾਠੀ ਹੋਵੇ, ਸਾਰੇ ਕਰਮ ਧਰਮ ਅਦਾ ਕਰਨ ਵਾਲਾ ਹੋਵੇ, ਸਾਰੇ ਮੁਖੀ ਗਿਆਨ ਇੰਦਰਿਆਂ ਨੂੰ ਵਸਿ ਕਰ ਕੇ ਰਖਣ ਵਾਲਾ ਹੋਵੇ, ਬੇਦ ਪੜ੍ਹਨਾ ਪੜ੍ਹਾਉਣਾ, ਯਗ ਕਰਨਾ ਕਰਾਉਣਾ, ਦਾਨ ਦੇਣਾ ਲੈਣਾ ਇਹਨਾਂ ਛੇਆਂ ਕਰਮਾਂ ਦੀ ਪੱਕੀ ਮਰਯਾਦਾ ਦਾ ਧਾਰਨੀ ਹੋਵੇ, ਸ਼ਿਵ ਅਤੇ ਸ਼ਕਤੀ ਦੇ ਸੰਬਾਦ ਚਰਚਿਆਂ ਵਿਚਿ ਲਗਿਆ ਰਹਿੰਦਾ ਹੋਵੇ, ਇਹ ਸਭ ਫੋਕਟ ਕਰਮ ਹਨ। ਇਹਨਾਂ ਪਾਖੰਡ ਪੁਆੜਿਆਂ ਨੂੰ ਛਡ ਕੇ ਗੋਬਿੰਦ ਸਿਮਰਨ ਵਿਚਿ ਤਤਪਰ ਹੋ ਕੇ ਲਗਣਾ ਚਾਹੀਦਾ ਹੈ। ਭਵ-ਸਾਗਰ ਤੋਂ ਤਰਨ ਦਾ ਸਖੋਨ ਕਰਮ ਵਾਹਿਗੁਰੂ ਨਾਮ ਦਾ ਭਜਨ ਹੈ।

ਆਨਮਤ ਕਰਮ ਕਾਂਡ ਕਰਨ ਕਰਕੇ ਗੁਰਮਤਿ ਸਹਿਜ ਪਦ ਵਾਲਾ ਪੂਰਨ ਬ੍ਰਹਮ ਗਿਆਨ ਪ੍ਰਾਪਤਿ ਨਹੀਂ ਹੁੰਦਾ ਅਤੇ ਬਿਨਾਂ ਸਹਿਜ ਪਦ ਪ੍ਰਾਪਤਿ ਹੋਏ ਅੰਦਰੋਂ ਸੰਸਾ ਭਰਮ ਨਹੀਂ ਜਾਂਦਾ। ਇਹ ਸੰਸਾ ਭਰਮ ਅਗਿਆਨ ਕਿਸ ਭੀ ਸੰਜਮ ਉਪਾਉ ਯਤਨ ਨਾਲਿ ਨਹੀਂ ਜਾਂਦਾ, ਭਾਵੇਂ ਕਿਤਨੇ ਭੀ ਆਨਮਤ ਕਰਮਾਂ ਨੂੰ ਕਰਿ ਕਰਿ ਹੰਭ ਰਹੇ ਕੋਈ। ਇਸ ਦੁਚਿਤੀ ਅਗਿਆਨ ਭਰਮ ਸੰਸੇ ਕਰਕੇ ਜੀਵਾਂ ਦਾ ਆਤਮਾ ਮਲੀਨ ਰਹਿੰਦਾ ਹੈ, ਕਿਸੇ ਸੰਜਮ ਨਾਲ ਭੀ ਧੋਤਾ ਨਹੀਂ ਜਾਂਦਾ। ਸ਼ਬਦ ਗੁਰਮੰਤਰ ਦੇ ਨਾਲਿ ਅਹਿਨਿਸ ਸੁਰਤੀ ਜੋੜਨ ਕਰਕੇ ਹੀ ਇਹ ਮਲੀਨ ਮਨ ਨਿਰਮਲ ਹੋ ਜਾਂਦਾ ਹੈ ਅਤੇ ਧੋਤਾ ਜਾਂਦਾ ਹੈ। ਸਦਾ ਹੀ ਸ਼ਬਦ ਨਾਲ ਲਗਿਆ ਰਹੇ ਤਾਂ ਇਹ ਬਿਧਿ ਬਣਦੀ ਹੈ। ਗੁਰੂ ਦੀ ਕਿਰਪਾ ਨਾਲਿ ਹੀ ਸਹਿਜ ਪਦ ਉਪਜਦਾ ਹੈ। ਜਿਸ ਦੇ ਉਪਜਣ ਕਰਕੇ ਸਾਰਾ ਹੀ ਸੰਸਾ ਰੋਗ ਚੁਕਿਆ ਜਾਂਦਾ ਹੈ। ਨਹੀਂ ਤਾਂ ਇਹ ਸਮੁਚੇ ਹੀ ਆਨਮਤੀ ਕਰਮ ਸੰਸੇ ਦੇ ਘਰ ਹਨ ਤੇ ਸੰਸਾ ਹੀ ਸੰਸਾ ਉਪਜਾਉਣਹਾਰੇ ਹਨ। ਯਥਾ ਗੁਰਵਾਕ :-

**ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨਾ ਜਾਇ।।**
**ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ।।**
**ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ।।**
**ਮੰਨ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ।।**
**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹ ਸਹਸਾ ਇਵ ਜਾਇ।।੧੮।।**

(ਰਾਮਕਲੀ ਮਹਲਾ ੩, ਅਨੰਦੁ ਸਾਹਿਬ, ਪੰਨਾ ੯੧੯)

ਜੋਗੀਆਂ ਦੇ ੧੨ ਫ਼ਿਰਕੇ ਹਨ, ਇਹਨਾਂ ੧੨ ਫ਼ਿਰਕਿਆਂ ਵਿਚਿ ਹੀ ਸਾਰੇ ਜੋਗੀ ਭਰਮਾਏ ਤੇ ਭਰਮ ਫਿਰਦੇ ਹਨ ਅਤੇ ਸੰਨਿਆਸੀਆਂ ਦੇ ਦਸ ਫ਼ਿਰਕੇ ਹਨ। ਇਹਨਾਂ ਦਸਾਂ ਫ਼ਿਰਕਿਆਂ ਵਿਚਿ ਸਾਰੇ ਹੀ ਸੰਨਿਆਸੀ ਭਰਮੇ ਭਰਮਾਏ ਫਿਰਦੇ ਹਨ। ਕਿਸੇ ਦੀ ਭੀ ਕਲਿਆਣ ਨਹੀਂ ਹੁੰਦੀ। ਮੋਖ-ਦੁਆਰ ਕਲਿਆਣ ਤਾਂ ਗੁਰੂ ਕੇ ਸ਼ਬਦ ਗੁਰਮੰਤਰ ਦੀ ਕਮਾਈ ਕੀਤਿਆਂ ਹੀ ਮਿਲਦੀ ਹੈ । ਗੁਰ ਸ਼ਬਦ ਕਮਾਈ ਕਰਿ ਕਰਿ ਮਰਿ-ਜੀਵੜਾ ਹੋਇਆਂ ਹੀ ਇਸ ਗੁਰਮਤਿ ਮੋਖ ਦੁਆਰੇ ਦੀ ਪ੍ਰਾਪਤੀ ਹੁੰਦੀ ਹੈ।


www.AKJ.Org

# ਧਰਮਰਾਇ ਦੀ ਦਰਗਾਹ

(ਵਲੋਂ-ਗੁਰਪੁਰ ਵਾਸੀ ਭਾਈ ਰਣਧੀਰ ਸਿੰਘ ਜੀ)

ਅਸੀਂ ਨਿਤਾਪ੍ਰਤੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਹਾਂ। ਪਰ ਕਦੇ ਕਿਸੇ ਸਿਖ ਨੇ ਵੀਚਾਰਿਆ ਹੈ ਤੇ ਕਦੇ ਕਿਸੇ ਸਿਖ ਦਾ ਇਸ ਗੁਰ-ਦਰਸਾਏ ਹੱਕ ਹਕੰਨੇ ਦ੍ਰਿਸ਼ਜ ਉਤੇ ਯਕੀਨ ਅਮੰਨਾ ਆਇਆ ਹੈ, ਜੋ ਕਿ ਅਨਿੰਨ ਗੁਰਸਿੱਖਾਂ ਦੇ ਸਿਦਕ ਦਾ ਮਖ਼ਜ਼ਨ ਹੈ । ਯਥਾ :-

ਕਈ ਕੋਟਿ ਪਵਣ ਪਾਣੀ ਬੈਸੰਤਰ।।
ਕਈ ਕੋਟਿ ਦੇਸ ਭੂ ਮੰਡਲ।।
ਕਈ ਕੋਟਿ ਸਸੀਅਰ ਸੂਰ ਨਖੵਤ੍ਰ।।
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ।।
(੨੭੫)

ਇਹ ਗਲ ਸਚ ਹਕੀਕਤ ਹੈ ਕਿ ਵਾਹਿਗੁਰੂ ਦੀ ਰਚਨਾ ਵਿਖੇ ਖ਼ੁਦਾ ਦੀ ਖ਼ੁਦਾਈ ਵਿਖੇ ਬੇਅੰਤ ਹੀ ਐਸੀਆਂ ਰਚਨਾਵਾਂ ਹਨ ਜਿਨ੍ਹਾਂ ਦਾ ਸਾਡੇ ਅਲਪੱਗ ਜੀਵਾਂ ਨੂੰ ਇਲਮ ਨਹੀਂ। ਅਲਪੱਗ ਸਾਇੰਸਦਾਨਾਂ ਨੇ ਬਰਸਾਂ ਬੱਧੀ ਟਕਰਾਂ ਮਾਰ ਕੇ ਕੁਝ ਥੋੜ੍ਹੀਆਂ ਜਿਹੀਆਂ ਦਰਿਆਫ਼ਤਾਂ (ਡਿਸਕਵਰੀਆਂ) ਕੀਤੀਆਂ ਹਟ ਕਿ ਆਕਾਸ਼ ਵਿਖੇ ਇਸ ਧਰਤੀ ਦੀ ਨਿਆਈਂ ਹੋਰ ਭੀ ਸੂਰਜ ਹਨ। ਪਰ ਅਜ ਤੋਂ ਪੰਜ ਸੈ ਸਾਲ ਪਹਿਲਾਂ ਜਦੋਂ ਕਿ ਸਾਇੰਸਦਾਨਾਂ ਦੀਆਂ ਕਾਢਾਂ ਪ੍ਰਸਿਧ ਨਹੀਂ ਸਨ ਤਾਂ ਸਾਡੇ ਦਿਬ-ਦ੍ਰਿਸ਼ਟ ਸਰਬਗਤਾ ਸ੍ਰਿਸ਼ਟ ਸਤਿਗੁਰਾਂ ਗੁਪਤੋਂ ਪ੍ਰਗਟਾਇ ਕੇ ਇਹ ਰਬਾਨੀ ਰਾਜ਼ ਫ਼ਾਸ਼ ਕੀਤੇ ਸਨ ਕਿ ਪਉਨ ਪਾਣੀ ਬੈਸੰਤਰ ਆਦਿ ਪੰਜ ਤੱਤਾਂ ਦੇ ਕੋਟਾਨ ਕੋਟਿ ਅਨਗਿਣਤ ਲਾ-ਇੰਨਤਹਾ ਮੁਹੀਤ ਵਾਲੇ ਸਫ਼ੀਅਰ (sphere) ਹਨ। ਅਸਾਡੀ ਇਸ ਇਕ ਮਾਤਰ ਭੂਮੀ (ਧਰਤੀ) ਸਾਰਖ਼ੇ ਕੋਟਾਨ-ਕੋਟਿ ਦੇਸ ਭੂ-ਮੰਡਲ ਹਨ। ਜਿਥੇ ਸਾਇੰਸਦਾਨਾਂ ਨੇ ਚੰਦ-ਇਕ ਸੂਰਜ ਸਿਤਾਰੇ ਚੰਦ ਤਾਰੇ ਡਿਸਕਵਰ (Discover) ਕੀਤੇ ਅਰਥਾਤ ਮਲੂਮ ਕੀਤੇ ਹਨ, ਅਤੇ ਅਜੇ ਵੀ ਸ਼ਸ਼ੋ-ਪੰਜ ਵਿਚ ਪਏ ਹਨ, ਤਿਥੇ ਅਸਾਡੇ ਤ੍ਰਿਕਾਲ-ਦ੍ਰਿਸ਼ਟੀ ਦੇ ਅਗੰਮ ਗਿਆਨ ਵਾਲੇ ਸਤਿਗੁਰਾਂ ਨੇ "ਕਈ ਕੋਟਿ ਸਸੀਅਰ ਸੂਰ ਨਖੵਤ੍ਰ" ਅਰਥਾਤ ਕਈ ਕੋਟੀ ਚੰਦ ਸੂਰਜ ਤਾਰਿਆਂ ਦਾ ਦਿਬ-ਦ੍ਰਿਸ਼ਟੀ ਦੁਆਰਾ ਦੇਖੇ ਹੋਏ ਦਾ ਸਬੂਤ ਦਿਤਾ ਹੈ। ਅੱਜ ਕਲ੍ਹ ਦੇ ਸਾਇਸੰਦਾਨ ਕੇਵਲ ਚੰਦ-ਇਕ ਉਦਾਹਰਣਾਂ ਦਿੰਦੇ ਹਨ ਤੇ ਬਾਕੀ ਕੇਵਲ ਅਨੁਮਾਨ ਲਾ ਕੇ ਹੀ ਇਹ ਕਹਿੰਦੇ ਹਨ ਕਿ ਇਹ ਜੋ ਅਨਗਿਣਤ ਤਾਰਾ-ਮੰਡਲ ਅਕਾਸ਼ ਉਤੇ ਦਿਸ ਰਿਹਾ ਹੈ, ਇਹ ਸਭ ਯਾ ਧਰਤੀਆਂ ਹਨ ਸਾਡੀ ਧਰਤੀ ਦੀ ਨਿਆਈਂ, ਯਾ ਤਾਰੇ ਸਿਤਾਰੇ ਹਨ। ਇਨ੍ਹਾਂ ਵਿਚ ਕਈ ਸੂਰਜ ਭੀ ਹਨ। ਇਹ ਤਾਂ ਉਹਨਾਂ ਦਾ ਦੂਰਬੀਨ ਦੇ ਆਲੇ ਨਾਲ ਤੱਕ ਕੇ ਪਰੀਖਿਆ ਅਨੁਮਾਨ ਹੀ ਹੈ। ਪ੍ਰੰਤੂ ਅਸਾਡੇ ਦੂਰਬੀਨ ਭੂਤ ਭਵਿੱਖ ਭਵਾਨ ਕਲਾ ਦੇ ਗਿਆਨ ਪ੍ਰਬੀਨ ਸਤਿਗੁਰਾਂ ਨੇ ਜੋ ਕੋਟਾਨ ਕੋਟ ਸੂਰਜ ਚੰਦ ਤਾਰੇ ਦਸੇ ਹਨ, ਇਹ ਸਭ ਸੱਚੀਆਂ ਅੱਖੀਂ ਦੇਖੀਆਂ ਗੱਲਾਂ ਹਨ, "ਨਾਮੁ ਜਪਤ ਕੋਟਿ ਸੂਰ ਉਜਿਆਰਾ" ਦੀਆਂ। ਅੱਜ ਕਮਾਈਆਂ ਵਾਲਿਆਂ ਗੁਰਮੁਖਾਂ ਨੂੰ ਇਹ ਨਜ਼ਾਰੇ ਗੁਰੂ ਲਦਰਾਏ, ਗੁਰ ਦਰਸਾਏ ਪਰਗਟ ਪਹਾਰੇ ਨਜ਼ਰੀ ਆਉਂਦੇ ਹਨ। ਫ਼ਿਲਸਫ਼ਾਦਾਨਾਂ ਨੇ ਸਾਰਾ ਜ਼ੋਰ ਮਾਰ ਕੇ ਰਾਜਸ, ਤਾਮਸ, ਸਾਤਕ ਤਿਨ ਖਿਲਤਾਂ ਮਾਲੂਮ ਕੀਤੀਆਂ ਹਨ। ਗੁਰ-ਗੰਮ ਤੇ ਗੁਰ-ਗੰਮਤਾ ਵਾਲਾ ਗੁਰਮਤਿ ਗਿਆਨ ਸ੍ਰੀ ਸੁਖਮਨੀ ਵਿਖੇ ਦਰਸਾਇਆ ਹੋਇਆ ਸਾਫ਼ ਸਪੱਸ਼ਟਾਉਂਦਾ ਹੈ ਕਿ "ਕਈ ਕੋਟਿ ਰਾਜਸ ਤਾਮਸ ਸਾਤਕ" ਖਿਲਤਾਂ ਹਨ। ਜ਼ਮਾਨਾ ਸਲਫ਼ ਤੇ ਜ਼ਮਾਨਾ ਹਾਲ ਦੇ ਦੇਵਾਚਾਰੀ, ਸ਼ਾਸਤਰ-ਕਾਰੀ, ਪੁਰਾਨ-ਸਿਮ੍ਰਤਚਾਰੀ, ਇਹ ਦਸਦੇ ਆਏ ਹਨ ਅਤੇ ਦਸ ਰਹੇ ਹਨ ਕਿ ਚਾਰ ਵੇਦ ਅਠਾਰ੍ਹਾਂ ਪੁਰਾਣ ਅਤੇ ਚੰਦ ਹੀ ਸਿਮ੍ਰਤੀਆਂ, ਉਪਨਿਸ਼ਦਾ ਹਨ, ਪ੍ਰੰਤੂ ਅਸਾਡੇ ਧੁਰ-ਧੁਰੰਧਰੀ ਗਿਆਨ ਗੰਮਤਾ ਵਾਲੇ ਸਤਿਗੁਰਾਂ ਨੇ ਸਚ ਹੀ ਸਚ ਨਿਰਣਤ ਕੀਤਾ ਹੈ ਕਿ "ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ" ਹਨ। ਦੁਨੀਆਂ ਦੀ ਭਾਲ ਕਰਨ ਵਾਲਿਆਂ ਨੇ ਸਿਰਫ਼ ਗਿਣਤੀ ਦੇ ਸਮੁੰਦਰ ਹੀ ਗਿਣੇ ਹਨ ਅਤੇ ਭਾਰਤ ਦੇ ਹੋ ਚੁੱਕੇ ਉਘੇ ਸਿਆਣਿਆਂ ਨੇ ਚੌਦ੍ਹਾਂ ਰਤਨ ਹੀ ਗਿਣੇ ਹਨ, ਪਰ ਅਸਾਡੇ ਸੁਰਤ-ਅਗੰਮੀ ਪਰਮ ਦਾਨੇ ਬੀਨੇ ਦਿੱਬ-ਦ੍ਰਿਸ਼ਟੀਨੇ ਸਤਿਗੁਰਾਂ ਨੇ ਦਸਿਆ ਹੈ ਕਿ ਸਿਰਜਨਹਾਰ ਕਰਤਾਰ ਦੀ ਅਪਾਰ ਰਚਨਾ ਵਿਚ "ਕਈ ਕੋਟਿ ਕੀਏ ਰਤਨ ਸਮੁੰਦ" ਹਨ। ਜਿਥੇ ਲੱਖ ਚਉਰਾਸੀਹ ਜੋਨੀ ਦਾ ਹੀ ਹੁਣ ਤਾਈਂ ਅਨੁਮਾਨੀ ਸਬੂਤ ਮਿਲਿਆ ਹੈ, ਤਿਥੇ 'ਕਈ ਕੋਟਿ ਨਾਨਾ ਪ੍ਰਕਾਰ ਜੰਤ' ਦਾ ਗੁਪਤ ਭੇਦ ਸਾਡੇ ਸਤਿਗੁਰਾਂ ਨੇ ਖੋਲ੍ਹਿਆ ਹੈ। ਕਈ ਕਰੋੜ ਚਿਰ-ਜੀਵੀਆਂ ਨੇ ਕਈ ਕਰੋੜ ਗਿਰੀ ਮੇਰ ਸਵਰਨਥੀਵੀਆਂ ਦੀ ਗੁਪਤ ਰਚਨਾ ਸਾਡੇ ਸਤਿਗੁਰਾਂ ਦੀ ਗਿਆਨ ਡਿਸਕਵਰੀ (ਖੋਜ) ਵਿਚ ਆਈ ਹੈ। ਆਮ ਲੋਕ ਭੂਤ, ਪ੍ਰੇਤ, ਜਖ, ਕਿੰਨਰ ਤੇ ਪਿਸਾਚਾਂ ਦੇ ਵਜੂਦ ਨੂੰ ਉੱਕਾ ਹੀ ਨਹੀਂ ਮੰਨਦੇ, ਪਰ ਸਤਿਗੁਰੂ-ਦ੍ਰਿੜਾਇਆ ਗੁਰਮਤਿ ਗਿਆਨ ਇਸ ਗੱਲ ਨੂੰ ਨਿਸਚੇ ਕਰਕੇ ਦ੍ਰਿੜ੍ਹ ਕਰਾਉਂਦਾ ਹੈ ਕਿ ਇਹ ਭੀ ਜੂਨੀਆਂ ਹਨ :-

ਕਈ ਕੋਟਿ ਜਖੵ ਕਿੰਨਰ ਪਿਸਾਚ।।
ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ।। (੨੭੬)

ਏਸ ਵਾਕ ਵਿਚ ਸੂਰਾਂ ਤੇ ਮ੍ਰਿਗਾਂ ਦੀ ਸ੍ਰੇਣੀ ਵਿਚ ਹੀ ਨਾਲ ਗਿਣਵੀਂ ਗਿਣਤੀ ਭੂਤ ਪ੍ਰੇਤ ਆਦਿ ਜੂਨੀਆਂ ਦੀ ਭੀ ਕਰ ਦਿਤੀ ਹੈ ਤੇ ਸਾਬਤ ਕੀਤਾ ਹੈ ਕਿ



www.AKJ.Org

ਜਿਵੇਂ ਮ੍ਰਿਗਾਂ ਦੀ ਜੂਨੀ ਦੀ ਹੋਂਦ ਹੈ ਤਿਵੇਂ ਹੀ ਭੂਤਾਂ ਪ੍ਰੇਤਾਂ ਦੀ ਭੀ ਜੂਨੀ ਹੈ। ਮੁਸਲਮਾਨੀ ਹਦੀਸਾਂ ਨੇ ਅਕਾਸ਼ ਪਾਤਾਲ ਦੇ ਚੰਦ-ਇਕ ਗਿਣਵੇਂ ਮਿਣਵੇਂ ਤਬਕੇ ਹੀ ਦਸੇ, ਪਰ ਧੁਰੋਂ ਆਈ ਅਮੀਕ ਗਿਆਨ-ਗੰਮਤਾ ਵਾਲੀ ਗੁਰਬਾਣੀ ਨੇ :-

*"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ"*

ਦੇ ਗੁਰ-ਗਿਆਨ ਦੇ ਭੇਦ ਦਾ ਇੰਨਕਸ਼ਾਫ਼ ਕੀਤਾ। ਤੇ ਏਨ੍ਹਾਂ ਲੱਖਾਂ ਪਾਤਾਲਾਂ ਵਿਚ "ਕਈ ਕੋਟਿ ਪਾਤਾਲ ਕੇ ਵਾਸੀ" ਦੇ ਗੁਰਵਾਕ ਅਨੁਸਾਰ ਉਥੇ ਕਰੋੜਾਂ ਹੀ ਰਹਿਣ ਵਾਲੇ ਭੀ ਜਣਾਏ। ਨਰਕ ਸੁਰਗ ਤੋਂ ਮੁਨਕਰ ਲੋਕਾਂ ਨੂੰ ਨਾ ਸਿਰਫ ਅਨਗਿਣਤ ਨਰਕ ਸੁਰਗ ਕਰਤੇ ਦੀ ਕਾਇਨਾਤ ਅੰਦਰ ਰਚੇ ਹੋਏ ਸਿਧ ਕੀਤੇ, ਸਗੋਂ ਇਨ੍ਹਾਂ ਨਰਕਾਂ ਸੁਰਗਾਂ ਵਿਚ "ਕਈ ਕੋਟਿ ਨਰਕ ਸੁਰਗ ਨਿਵਾਸੀ" ਭੀ ਦ੍ਰਿਸ਼ਟਾਏ । ਬੜੇ ਬੜੇ ਸਿਆਣਿਆਂ ਨੇ ਚਾਰ ਖਾਣੀਆਂ ਤੇ ਖੰਡ ਹੀ ਦੱਸੇ ਹਨ, ਪਰ ਸਤਿਗੁਰੂ ਸਾਹਿਬਾਨ ਨੇ ਨਾ ਸਿਰਫ *"ਕਈ ਕੋਟਿ ਖਾਣੀ ਅਰੁ ਖੰਡ"* ਹੀ ਸਿੱਧ ਕੀਤੇ ਬਲਕਿ *"ਕਈ ਕੋਟਿ ਅਕਾਸ ਬ੍ਰਹਮੰਡ"* ਭੀ ਸਿੱਧ ਕੀਤੇ।

ਸੋ ਗੁਰਸਿਖਾਂ ਨੂੰ ਸੱਚਾ ਭਰੋਸਾ ਤੇ ਈਮਾਨ ਲਿਆਉਣਾ ਚਾਹੀਦਾ ਹੈ ਕਿ ਅਕਾਲ ਪੁਰਖ ਦੇ ਵੈਰਾਟ ਰੂਪ ਵਿਚ ਨਾਨਾ ਪ੍ਰਕਾਰੀ ਅਦ੍ਰਿਸ਼ਟ ਰਚਨਾਵਾਂ ਦੀਆਂ ਹਸਤੀਆਂ ਹਨ, ਜਿਨ੍ਹਾਂ ਦੀ ਹੋਂਦ ਤੋਂ ਸਿਰ ਫੇਰਨਾ ਗੁਰੂ-ਦਰਸਾਈ ਤਤ-ਸਚਾਈ ਤੋਂ ਮੁਨਹਰਫ਼ ਹੋਣਾ ਹੈ, ਜੋ ਪਰਲੇ ਦਰਜੇ ਦੀ ਮਨਮੁੱਖਤਾ ਹੈ।

ਨਾਮ ਦੀ ਖੇਪ ਲਦ ਕੇ, ਗੁਰਸਿਖਾਂ, ਸੰਤਾਂ, ਭਗਤਾਂ ਦੀ ਸੰਗਤ ਸੰਗ ਮਿਲ ਕੇ ਤੇ ਸਦਾ ਮਿਲੇ ਰਹਿਣ ਕਰਕੇ ਜੀਵਨ ਧੰਨਤਾ ਯੋਗ ਹੋ ਜਾਂਦਾ ਹੈ। ਤੇ ਬਿਖਿਆ ਜੰਜਾਲ ਤੋਂ ਛੁਟਕਾਰਾ ਪਾ ਕੇ ਵਾਹਿਗੁਰੂ ਦੀ ਦਰਗਾਹ ਵਿਚ ਮੁਖ ਉਜਲਾ ਹੁੰਦਾ ਹੈ, ਯਥਾ ਗੁਰਵਾਕ :-

ਲਾਦਿ ਖੇਪ ਸੰਤਹ ਸੰਗਿ ਚਾਲੁ।।
ਅਵਰ ਤਿਆਗਿ ਬਿਖਿਆ ਜੰਜਾਲ।।
ਧੰਨਿ ਧੰਨਿ ਕਹੈ ਸਭੁ ਕੋਇ।।
ਮੁਖ ਊਜਲ ਹਰਿ ਦਰਗਹ ਸੋਇ।। (੨੮੩)

(ਸੁਖਮਨੀ ਸਾਹਿਬ)

ਇਹ ਗੁਰੂ ਨਾਨਕ ਦਾ ਘਰ ਹੀ ਹੈ ਜੋ ਸਿਖ ਦਾ ਹਲਤ ਪਲਤ ਸੰਵਾਰਨ ਨੂੰ ਸਮਰਥ ਹੈ। ਇਸ ਧੁਰੋਂ ਨਿਵਾਜੇ ਘਰ ਅੰਦਰ ਅਵਤਰੇ ਸਤਿਗੁਰੂ ਹੀ ਸਚੇ ਸਤਿਗੁਰੂ ਹਨ। ਗੁਰੂ ਘਰ ਦੀ ਪ੍ਰਚਲਤ ਧੁਰ-ਧੁਰੰਧਰੀ ਮਰਯਾਦਾ ਅਨੁਸਾਰ ਅਜ ਦੇ ਸਮੇਂ ਅੰਮ੍ਰਿਤ ਛਕਣ ਸਮੇਂ ਹੀ ਸਤਿਗੁਰੂ ਧਾਰਨ ਕੀਤਾ ਜਾਂਦਾ ਹੈ ਤੇ ਨਿਗੁਰਿਉਂ ਸਗੁਰੇ ਬਣਿਆ ਜਾਂਦਾ ਹੈ। ਅੰਮ੍ਰਿਤ ਪ੍ਰਚਾਰ ਸਮੇਂ ਪੰਜਾਂ ਪਿਆਰਿਆਂ ਦੇ ਸਰੂਪ ਵਿਚ ਸਤਿਗੁਰੂ ਨਾਨਕ ਦਸਮੇਸ਼ ਜੀ ਪਰਤੱਖ ਹਾਜ਼ਰ ਹੁੰਦੇ ਹਨ। ਵਡਭਾਗਿਆਂ ਜਗਿਆਸੂਆਂ ਨੂੰ ਪਰਤੱਖ ਦਰਸ਼ਨ ਹੋ ਜਾਂਦੇ ਹਨ ਅਤੇ ਸਤਿਗੁਰੂ ਭੇਟਣ ਦਾ ਅਧਿਭੁਤ ਕ੍ਰਿਸ਼ਮਾ ਪਰਗਟ ਹੁੰਦਾ ਹੈ। ਸਤਿਗੁਰੂ ਦੇ ਜੋਤਿ ਪਰਜੁਲਤੀ ਚਰਨ ਕਵਲ ਪਰਸਨ ਦਾ ਇਹ ਅਤਿਅੰਤ ਸ਼ੁਭ ਅਵਸਰ ਹੁੰਦਾ ਹੈ। ਸਚਖੰਡ ਦਰਸ਼ਨੀ ਦਰਸ਼ਨ, ਸਤਿਗੁਰੂ ਦਾ ਜੋਤਿ ਜਲਵਾਨੀ ਦਿਦਾਰਾ, ਸਤਿਗੁਰੂ ਦੀ ਦਿੱਬ ਜੋਤੀ ਮੂਰਤ ਦਾ ਅਪਰ ਅਪਾਰਾ ਹੁੰਦਾ ਹੈ। ਕਿਸੇ ਦੇਹਧਾਰੀ ਗੁਰੂ ਧਾਰੇ ਬਿਨਾਂ ਸਿਖ ਦੀ ਗਤੀ ਨਹੀਂ ਹੁੰਦੀ, ਐਵੇਂ ਰਸਮ-ਪੂਰਤੀ ਹੀ ਹੈ। ਗਤੀ ਕੀ ਹੋਣੀ ਸੀ, ਨਿਗੁਰੇ ਗੁਰੂ ਕਿਸੇ ਦੀ ਕੀ ਗਤੀ ਕਰ ਸਕਦੇ ਹਨ। ਗੁਰਮਤਿ ਅੰਮ੍ਰਿਤ-ਸਿੰਚਾਰ ਸੱਚੀ ਤੱਤ-ਮਰਯਾਦਾ ਅਨੁਸਾਰ ਹੀ ਗੁਰੂ ਧਾਰਿਆ ਜਾ ਸਕਦਾ ਹੈ। ਇਸ ਬਿਧ ਹੀ ਸਤਿਗੁਰੂ ਸਿੱਖ ਦਾ ਹਲਤ ਪਲਤ ਸਵਾਰਦਾ ਹੈ। ਆਪਣੇ ਜੀਅ ਨਾਲ ਸੰਮਾਲਦਾ ਹੈ ਅਤੇ ਸਫਲ ਦਰਸ਼ਨ ਦੇ ਕੇ ਸਿੱਖਾਂ ਨੂੰ ਪੁਨੀਤ ਕਰਦਾ ਹੈ ਗੁਰੂ ਦੇ ਚਰਨ ਪਰਸਨ ਦੀ ਨਿਰਮਲ ਰੀਤ ਹੀ ਏਸ ਗੁਰਮਤਿ-ਅੰਮ੍ਰਿਤ-ਸਿੰਚਾਰਨੀ ਮਰਯਾਦਾ ਅੰਦਰ ਉਦੀਪਤ (ਪ੍ਰਗਟ) ਹੋ ਜਾਂਦੀ ਹੈ। ਅਜਿਹੇ ਚਰਨ-ਕਮਲ ਪਰਸਨ-ਹਾਰਿਆਂ, ਗੁਰ-ਸਨਮੁਖ ਦੀਦਾਰ-ਦੀਦਾਰੀਆਂ ਦਾ ਸੰਗ ਕਰਿ ਹੀ, ਰਾਮ ਗੁਣ ਰਵਾਨ ਹੁੰਦੇ ਹਨ ਅਤੇ ਪਾਰਬ੍ਰਹਮ ਦੀ ਦਰਗਾਹ ਗਵਨ ਹੁੰਦਾ ਹੈ। ਯਥਾ ਗੁਰਵਾਕ :-

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ।।
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ।। (੨੮੬)
ਸਫਲ ਦਰਸਨੁ ਪੇਖਤ ਪੁਨੀਤ।।
ਪਰਸਤ ਚਰਨ ਗਤਿ ਨਿਰਮਲ ਰੀਤਿ।।
ਭੇਟਤ ਸੰਗਿ ਰਾਮ ਗੁਨ ਰਵੇ।।
ਪਾਰਬ੍ਰਹਮ ਕੀ ਦਰਗਹ ਗਵੇ।। (੨੮੭)

(ਸੁਖਮਨੀ ਅਸਟਪਦੀ ੧੮)

ਨਿਧਾਨਾਂ ਸਿਰ ਨਿਧਾਨ ਗੁਰਮਤਿ ਨਾਮ ਹੈ, ਜਿਸ ਦੇ ਜਪਣ ਕਰਕੇ ਦਰਗਹ ਵਿਚ ਪ੍ਰਵਾਨ ਹੋਈਦਾ ਹੈ। ਗੁਰੂ ਨਾਨਕ ਸਾਹਿਬ ਸਾਖ੍ਯਾ ਭਰਦੇ ਹਨ :-

ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ।।
ਜਪਿ ਨਾਨਕ ਦਰਗਹਿ ਪਰਵਾਨੁ।।

ਨਾਮ ਨਿਧਾਨ ਰੂਪੀ ਪੂੰਜੀ ਸੰਚਨ ਕੀਤਿਆਂ ਹੀ ਦਰਗਹ ਵਾਲੀ ਸੱਚੀ ਖੇਪ ਲੱਦੀ ਦੀ ਹੈ, ਜਿਸ ਕਰਕੇ ਦੁਨੀਆਂ ਵਿਚ ਸਚਾ ਸੁਖ ਮਿਲਦਾ ਹੈ ਅਤੇ ਅੱਗੇ ਇਸ


www.AKJ.Org

ਸੱਚੀ ਦਰਗਹ ਅੰਦਰ ਜੈ ਜੈ ਕਾਰ ਹੁੰਦਾ ਹੈ :-

ਹਰਿ ਪੂੰਜੀ ਸੰਚਿ ਕਰਹੁ ਬਿਉਹਾਰ॥
ਈਹਾ ਸੁਖੁ ਦਰਗਹ ਜੈਕਾਰੁ॥ (੨੯੯)

ਗੁਰਮਤਿ ਨਾਮ (ਜੋ ਸਭ ਮਹਿ ਰਵਿ ਰਹਿਆ ਹੈ) ਕਮਾਈ ਕਰ ਕੇ ਅੰਦਰ ਉਰਧਾਰਿਆਂ ਹਲਤ ਪਲਤ ਦੋਵੇਂ ਸਉਰ ਜਾਂਦੇ ਹਨ।

ਹਲਤੁ ਪਲਤੁ ਦੁਇ ਲੇਹੁ ਸਵਾਰਿ॥
ਰਾਮਨਾਮੁ ਅੰਤਰਿ ਉਰਿਧਾਰਿ॥ (੨੯੩)

ਗੁਰੂ ਨਾਨਕ ਦੇ ਘਰ ਦਾ ਦ੍ਰਿੜਾਇਆ ਗੁਰਮਤਿ ਨਾਮ ਧਿਆਇਆਂ ਕਮਾਇਆਂ ਹਲਤ-ਪਲਤ ਅੰਦਰ ਛੁਟਕਾਰਾ ਹੁੰਦਾ ਹੈ :-

ਜਨ ਨਾਨਕ ਨਾਮੁ ਧਿਆਇ ਤੂ,
ਹਰਿ ਹਲਤਿ ਪਲਤਿ ਛੋਡਾਇਸੀ॥
(ਵਾਰ ਗਉੜੀ, ੩੧੦)

ਜੋ ਦਰਗਹ ਵਿਚ ਮੁੱਖ ਉਜਲੇ ਲੈ ਕੇ ਜਾਣਹਾਰੇ ਤੇ ਸੋਭਾ ਪਾਉਣਹਾਰ ਹਨ, ਤਿਨ੍ਹਾਂ ਗੁਰਸਿਖਾਂ ਦੀ ਧੂੜ ਮੰਗਣ ਦੀ ਉਤਕੰਠਾ ਇਸ ਵਾਕ ਵਿਚ ਅੰਕਤ ਕੀਤੀ ਗਈ ਹੈ:-

ਹਰਿ ਦਰਗਹ ਤੇ ਮੁਖ ਉਜਲੇ, ਬਹੁ ਸੋਭਾ ਪਾਈ॥
ਜਨੁ ਨਾਨਕੁ ਮੰਗੈ ਧੂੜਿ ਤਿਨ, ਜੋ ਗੁਰ ਕੇ ਸਿਖ ਮੇਰੇ ਭਾਈ॥
(ਗਉੜੀ ਕੀ ਵਾਰ, ਪੰਨਾ ੩੧੦)

ਜਿਨ੍ਹਾਂ ਨੂੰ ਜੋਤਿ-ਪ੍ਰਕਾਸ਼ੀ ਰਿਦੇ ਅੰਦਰ ਦਰਸ਼ਨ ਹੋਏ ਹਨ ਤਿਨ੍ਹਾਂ ਨੂੰ ਦਰਗਹ ਅੰਦਰ ਸਤਿਗੁਰੂ ਨਾਨਕ ਆਪ ਛੁਡਾਇ ਲੈਂਦੇ ਹਨ :-

ਨਾਨਕ ਦਰਸਨੁ ਜਿਨਾ ਵੇਖਾਲਿਓਨੁ
ਤਿਨਾ ਦਰਗਹ ਲਏ ਛਡਾਇ॥
(ਵਾਰ ਗਉੜੀ, ਪੰਨਾ ੩੧੪)

ਜਿਨ੍ਹਾਂ ਦੇ ਨਾਮ ਧੰਨ ਪੱਲੇ ਹੈ ਉਹ ਸਲਾਹੁਣਯੋਗ ਹਨ। ਨਾਮ ਜਪਣਹਾਰਿਆਂ ਦਾ ਇਹ ਲੋਕ-ਸੁਹੇਲਾ ਹੋ ਜਾਂਦਾ ਹੈ ਤੇ ਅਗਲਾ ਲੋਕ ਭੀ ਨਾਮ ਦੇ ਪ੍ਰਤਾਪ ਕਰਿ ਨਾਲ ਹੀ ਸੁਹੇਲਾ ਹੋ ਜਾਂਦਾ ਹੈ। ਇਸ ਤਰ੍ਹਾਂ ਸਚ ਧਰਮ ਦਾ ਅਹਿਲ ਥੰਮਾਂ ਵਾਲਾ ਅਟੱਲ ਘਰ ਦਰਗਹ ਅੰਦਰ ਨਿਹਚਲ ਨੀਂਵ ਵਾਲਾ ਬੰਨ੍ਹਿਆ ਜਾਂਦਾ ਹੈ। ਨਾਮ ਨਾਰਾਇਣੀ ਇਹ ਅਬਚਲ ਓਟ, ਦੀਨ ਦੁਨੀਆ ਵਿਚ ਅਸਥਿਰ ਰਹਿਣ ਵਾਲੀ ਹੈ, ਜਿਨ੍ਹਾਂ ਨੇ ਵਾਹਿਗੁਰੂ ਨਾਮ ਦੇ ਚਰਨ ਗਹਿ ਕਰ ਕੇ ਪਕੜੇ ਹਨ ਉਹ ਹਰਿ-ਦਰਗਹ ਅੰਦਰ ਭੀ ਚਰਨ ਮੱਲੀ ਰਖਦੇ ਹਨ, ਵਾਹਿਗੁਰੂ-ਚਰਨ ਛੱਡਦੇ ਨਹੀਂ। ਯਥਾ ਗੁਰਵਾਕ :-

ਤਿਸੈ ਸਰੇਵਹੁ ਪ੍ਰਾਣੀਹੋ, ਜਿਸ ਦੈ ਨਾਉ ਪਲੈ॥
ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ॥
ਘਰੁ ਬੰਧਹੁ ਸਚ ਧਰਮ ਕਾ, ਗਡਿ ਥੰਮੁ ਅਹਲੈ॥
ਓਟ ਲੈਹੁ ਨਾਰਾਇਣੈ, ਦੀਨ ਦੁਨੀਆ ਝਲੈ॥
ਨਾਨਕ ਪਕੜੇ ਚਰਣ ਹਰਿ, ਤਿਸੁ ਦਰਗਹ ਮਲੈ॥
(ਵਾਰ ਗਉੜੀ, ੩੨੦)

ਸਤਿਗੁਰੂ ਨਾਨਕ ਸਭ ਤੋਂ ਵੱਡਾ ਹੈ। ਨਾਨਕ ਕਾ ਸਾਹਿਬ ਭੀ ਸਭ ਤੋਂ ਵੱਡਾ ਹੈ। ਵੱਡੇ ਦੀ ਵਡਿਆਈ ਇਹ ਹੈ ਕਿ ਉਹ ਆਪਣੇ ਸਿੱਖਾਂ-ਸੇਵਕਾਂ ਨੂੰ ਸਚੀ ਵਡਿਆਈ ਦਿੰਦਾ ਹੈ। ਉਹ ਆਪ ਵੱਡਾ ਹੈ ਤੇ ਉਸਦਾ ਦਰਬਾਰ ਵੀ ਵੱਡਾ ਹੈ। ਆਪਣੇ ਸਚੇ ਤੇ ਵੱਡੇ ਦਰਬਾਰ ਵਿਚ ਪ੍ਰਗ ਖਲੋਤੇ ਸਿਖਾਂ-ਸੇਵਕਾਂ ਨੂੰ ਵਡੀਰਦਾ ਹੈ। ਵਡੇ ਵਾਹਿਗੁਰੂ ਦੇ ਪਠਾਏ ਸਭ ਤੋਂ ਵੱਡੇ ਸਤਿਗੁਰੂ, ਧੰਨ ਗੁਰੂ ਨਾਨਕ ਦੀ ਵੱਡੀ ਵਡਿਆਈ ਵਿਖਿਆਤ ਹੈ ਕਿ ਉਹ ਸੱਚਾ ਕਰਨੇ ਹਾਰ ਪ੍ਰੀਤ ਸੁਭਾਉ ਵਾਲੇ ਮਨੁੱਖਾਂ ਨੂੰ ਦੇਵਤੇ ਬਣਾ ਦਿੰਦਾ ਹੈ, ਸਿੱਖ ਸਜਾ ਕੇ ਸਚੇ ਦੇਵਤੇ ਬਣਾਉਂਦਾ ਹੈ, ਸਾਰੇ ਸੱਚੇ ਸਿਖੌਂ ਨੂੰ ਉਬਾਰ ਲੈਂਦਾ ਹੈ ਤੇ ਉਨ੍ਹਾਂ ਦੇ ਸਾਰੇ ਹੀ ਕਾਰਜ ਸੰਵਾਰ ਦਿੰਦਾ ਹੈ। ਜੋ ਗੁਰੂ-ਘਰ ਦੀ ਤੇ ਗੁਰੂ ਦੇ ਸਿੱਖਾਂ ਦੀ ਨਿੰਦਾ ਕਰਦੇ ਹਨ ਤਿਨ੍ਹਾਂ ਨੂੰ ਸਚੇ ਦਰਬਾਰ ਅਰਥਾਤ ਅਗਲੀ ਦਰਗਹ ਵਿਚ ਝੂਠੇ ਕਰ ਕੇ ਪਕੜ ਪਛਾੜਦਾ ਹੈ। ਐਸਾ ਸਤਿਗੁਰੂ ਸੱਚਾ ਪਾਤਸ਼ਾਹ ਹੈ ਜੋ ਸਚੋ ਸਚ ਨਿਆਉਂ ਨਿਬੇੜਨਹਾਰਾ ਹੈ। ਉਸ ਸੱਚੀ ਦਰਗਾਹ ਵਿਚ ਸਭ ਸਚੋ ਸਚ ਹੀ ਨਿਬੜਦਾ ਹੈ। ਯਥਾ :-

ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ॥
ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ॥
ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ॥
ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ।੨।
(ਵਾਰ ਗਉੜੀ, ੩੨੩)

ਜਿਸ ਜਨ ਉਪਰ ਵਾਹਿਗੁਰੂ ਦੀ ਐਸੀ ਕਿਰਪਾ ਨਦਰ ਮਿਹਰ, ਪ੍ਰਸਾਦਿ ਹੋਵੇ ਕਿ ਉਹ ਨਾਮ ਦੇ ਪ੍ਰਤਾਪ ਕਰਿ ਐਸੀ ਨਿਮ੍ਰਤਾ ਧਾਰਨ ਕਰੇ ਤੇ ਐਸੀ ਤੱਤ ਉਪਰਾਮਤਾ, ਵੈਰਾਗ-ਮਈ ਦੁਨੀਆ ਅੰਦਰ ਰਹਿੰਦੇ ਹੋਏ, ਆਪਣੇ ਜੀਵਨ 'ਤੇ ਵਰਤਾਵੇ ਕਿ ਉਹ ਆਪਣੇ ਆਪ ਨੂੰ ਹਰ ਨਿਮਖ ਸੰਸਾਰ ਤੇ ਪ੍ਰਾਹੁਣਾ ਆਇਆ ਹੀ ਜਾਣੇ ਤਾਂ ਉਸ ਨੂੰ ਦਰਗਾਹ ਵਿਚ ਕੁਝ ਇੱਜ਼ਤ-ਮਾਨ ਪ੍ਰਾਪਤ ਹੁੰਦਾ ਹੈ :-

ਗੁਰ ਪਰਸਾਦਿ ਜਾਣੈ ਮਿਹਮਾਨੁ॥
ਤਾ ਕਿਛੁ ਦਰਗਹ ਪਾਵੈ ਮਾਨੁ॥
(ਆਸਾ ਮਹਲਾ ੫, ਪੰਨਾ ੩੫੦)

ਜਿਹੜੇ ਬੇਮੁਖ ਗੁਰੂ ਦੇ ਹੁਕਮਾਂ ਤੋਂ ਟੇਢੇ ਚਲਦੇ ਹਨ ਉਹ ਗੁਰਮਤਿ ਮਾਰਗ ਤੇ ਨਾ ਚਲਣ ਕਰਕੇ ਧੁਰ

(ਬਾਕੀ ਪੰਨਾ 8 ਤੇ ...)



www.AKJ.Org

# ਚੜ੍ਹਦੀ ਕਲਾ ਦਾ ਚਮਤਕਾਰ

(ਰਾਜਿੰਦਰ ਸਿੰਘ ਵਿਦਿਆਰਥੀ)

ਦਸਮੇਸ਼ ਪਿਤਾ,ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਕਲਾ ਵਰਤਾਉਣ ਨਾਲ ਮੁਰਦਾ ਰੂਹਾਂ ਵਿੱਚ ਅਜੇਹਾ ਭਰਪੂਰ ਜੀਵਨ ਠਾਠਾਂ ਮਾਰਨ ਲਗ ਪਿਆ ਕਿ ਅੰਮ੍ਰਿਤ-ਧਾਰੀ ਖ਼ਾਲਸੇ ਦੇ ਭਗਤੀ ਅਤੇ ਸ਼ਕਤੀ ਦੇ ਪਰਉਪਕਾਰੀ ਅਤੇ ਬੀਰਤਾ ਦੇ ਕਾਰਨਾਮੇ ਦੁਨੀਆ ਭਰ ਲਈ ਜਗਮਗਾਂਉਦੀਆਂ ਮਿਸਾਲਾਂ ਬਣ ਗਏ।

ਜਗਤ ਭਰ ਦੇ ਨਿਰਪੱਖ ਇਤਹਾਸਕਾਰਾਂ ਦੀਆਂ ਲਿਖਤਾਂ ਤੋਂ ਸਿੱਧ ਹੁੰਦਾ ਹੈ ਕਿ ਖਾਲਸੇ ਨੇ ਰਣ-ਭੂਮੀ ਵਿੱਚ ਕਦੇ ਹਾਰ ਨਹੀਂ ਖਾਧੀ ਅਤੇ ਆਪਣੀ ਜਿੱਤ ਨੂੰ ਸਦਾ ਹੀ ਵਾਹਿਗੁਰੂ ਜ਼ੀ ਦੀ ਫ਼ਤਿਹ ਕਿਹਾ। ਉਸ ਨੇ, ਵੈਰੀ ਦੇ ਵਾਰ, ਸਨਮੁੱਖ ਛਾਤੀ ਪਰ ਝੱਲੇਅਤੇ ਸ਼ਹੀਦੀਆਂ ਵੀ ਪਾਈਆਂ, ਐਪਰ ਹਾਰੇ ਹੋਏ, ਪਿੱਠ ਵਿਖਾ ਕੇ ਭਜਦੇ ਵੈਰੀ ਪਰ ਕਦੇ ਵਾਰ ਨਹੀਂ ਕੀਤਾ।

ਮਜ਼ਲੂਮਾਂ, ਲੋੜਵੰਦਾਂ ਅਤੇ ਅਬਲਾਵਾਂ ਦੀ ਮੱਦਦ ਕਰਨ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਸਰਬੱਤ ਦੇ ਭਲੇਅਤੇ ਪਰਉਪਕਾਰ ਲਈ ਜੂਝਣ ਦੀ ਗੁੜ੍ਹਤੀ ਖਾਲਸੇ ਨੂੰ ਅੰਮ੍ਰਿਤ ਛਕਣ ਸਮੇਂ ਮਿਲਦੀ ਹੈ।

ਇੱਕ ਵਾਰ ਅੰਮ੍ਰਿਤ ਪਾਨ ਕਰ ਕੇ ਖਾਲਸਾ ਸਦਾ ਲਈ ਜਿਵੇਂ ਗੁਰੂ ਜੋਗਾ ਹੋ ਜਾਂਦਾ ਹੈ, ਓਸ ਨੂੰ ਨਾਲ ਹੀ ਇਹ ਦ੍ਰਿੜ ਨਿਸਚਾ ਵੀ ਹੋ ਜਾਂਦਾ ਹੈ ਕਿ ਗੁਰੂ ਵੀ ਸਦਾ ਲਈ ਉਸ ਦੇ ਅੰਗ ਸੰਗ ਰਹਿੰਦਾ ਹੈ। ਤਦ ਤੋਂ ਹੀ ਮੌਤ ਦਾ ਡਰ ਅਤੇ ਜੀਊਣ ਦੀ ਲਾਲਸਾ ਤੋਂ ਬਹੁਤ ਉਚੇਰੀ ਅਵੱਸਥਾ ਵਿੱਚ ਰਹਿੰਦਾ ਆਪਣੇ ਸਭ ਕਾਰ ਵਿਹਾਰ ਕਰਦਾ ਹੈ। ਓਹ ਜਿਵੇਂ ਤੇ ਜਿਸ ਹਾਲ ਵਿੱਚ ਵੀ ਰਹੇ, ਗੁਰੂ ਦਰਸਾਈ ਰਹਿਤ ਮਰਯਾਦਾ ਅਤੇ ਗੁਰੂ ਕੇ ਬਚਨਾਂ ਅੰਦਰ ਸੁਤੇ-ਸਿੱਧ ਬੇਪਰਵਾਹੀ ਦਾ ਜੀਵਨ ਬੀਤਾਉਂਦਾ ਹੈ। ਇੰਝ ਓਹ ਨਿਤਾਪ੍ਰਤੀ ਗੁਰੂ ਚਰਨਾਂ ਨਾਲ ਜੁੜਿਆ ਨਾਮ (ਵਾਹਿਗੁਰੂ-ਗੁਰਮੰਤ੍ਰ) ਅਤੇ ਨਾਮੀ (ਅਕਾਲ-ਪੁਰਖ) ਨਾਲ ਵੀ ਇੱਕ-ਮਿੱਕ ਹੋਇਆ ਰਹਿੰਦਾ ਹੈ।

ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ
ਹਰਿ ਸਿਮਰਤ ਅਨਦ ਅਨੰਤਾ।।
ਰੰਗ ਤਮਾਸਾ ਪੂਰਨ ਆਸਾ
ਕਬਹਿ ਨ ਵਿਆਪੈ ਚਿੰਤਾ।।

(ਗੂਜਰੀ ਮਹਲਾ ੫)

ਉਸਦਾ ਮਨ ਤਨ ਕੰਵਲ ਦੇ ਤਾਜ਼ਾ ਫੁੱਲਾਂ ਵਾਂਙੂ ਖਿੜਿਆ ਖਿੜਿਆ ਅਤੇ ਸੁਗੰਧਿਤ ਹੋਇਆ ਰਹਿੰਦਾ ਹੈ, ਜਿਸ ਦਾ ਅਨੰਦ ਓਹ ਪਰਤੀਤ ਤਾਂ ਕਰਦਾ ਹੈ, ਪਰ ਮੁੱਖੋਂ ਕਹਿ ਨਹੀਂ ਸਕਦਾ।

ਹਾਂ ਜੀ ! ਦਸਮੇਸ਼ ਪਿਤਾ ਜੀ ਦੀ ਅੰਮ੍ਰਿਤ-ਕਲਾ ਦੇ ਇੱਸੇ ਚਮਤਕਾਰ ਨੂੰ ਖਾਲਸਈ ਬੋਲੀ ਵਿੱਚ ਚੜ੍ਹਦੀ-ਕਲਾ ਕਹਿਆ ਜਾਂਦਾ ਹੈ। ਅਤੇ ਇਸ ਨੂੰ ਪ੍ਰਤੀਤ ਵੀ ਓਹ ਹੀ ਕਰ ਸਕਦੇ ਹਣ ਜੋ ਗੁਰੂ ਕੇ ਅੰਮ੍ਰਿਤ ਨੂੰ ਸਿਦਕੀ ਸਿੱਖ ਬਣ ਕੇ ਕੇਵਲ ਧਾਰਨ ਹੀ ਨਹੀਂ ਕਰਦੇ, ਸਗੋਂ ਆਪਣੇ ਵਿਸ਼ਵਾਸ਼ ਨੂੰ ਵੀ ਅਡੋਲ ਰਖਦੇ ਹਨ।

---

ਜਾ ਕੇ ਮਨ ਗੁਰ ਕੀ ਪਰਤੀਤ।।
ਤਿਸੁ ਜਨ ਆਵੈ ਹਰਿ ਪ੍ਰਭੁ ਚੀਤ।।
whose mind cherishes faith in the Guru
He gets to meditate on God heartfully

(ਪੰਨਾ 7 ਦਾ ਬਾਕੀ..)

ਟਿਕਾਣੇ ਨਹੀਂ ਪਹੁੰਚਦੇ। ਉਨ੍ਹਾਂ ਨੂੰ ਅਗਲੀ ਦਰਗਹ ਵਿਚ ਬੈਠਣ ਨੂੰ ਥਾਂ ਨਹੀਂ ਮਿਲਦੀ, ਉਹ ਐਂਵੇ ਭਟਕਦੇ ਫਿਰਦੇ ਹਨ। ਜਿਨ੍ਹਾਂ ਨੂੰ ਸਤਿਗੁਰੂ ਨੇ ਕਿਰਪਾ ਕਰ ਕੇ ਸਤਿ੍ਨਾਮ ਗੁਰਮੰਤ੍ਰ ਬਖਸ਼ਿਆ ਹੈ ਤੇ ਜਿਨ੍ਹਾਂ ਨੇ ਏਸ ਗੁਰਮੰਤ੍ਰ ਦਾ ਜਾਪ-ਸਿਮਰਨ ਕੀਤਾ ਹੈ ਉਨ੍ਹਾਂ ਨੂੰ ਹੀ ਸਚੀ ਦਰਗਾਹੇ ਬੈਠਣ ਲਈ ਥਾਂਉਂ ਮਿਲਦਾ ਹੈ :-

ਵਾਟ ਨ ਪਾਵਉ ਵੀਗਾ ਜਾਉ।।
ਦਰਗਹ ਬੈਸਣ ਨਾਹੀ ਥਾਉ।।......
ਜਾਂ ਤੂੰ ਦੇਹਿ ਜਪੀ ਤੇਰਾ ਨਾਉ।।
ਦਰਗਹ ਬੈਸਣ ਹੋਵੈ ਥਾਉ।।

(ਆਸਾ ਮਹਲਾ ੧. ਪੰਨਾ ੩੫੪)

ਜਿਨ੍ਹਾਂ ਗੁਰਮੁਖਾਂ ਨੇ ਐਸਾ ਨਾਮੁ ਜਪਿਆ ਹੈ ਕਿ ਉਨ੍ਹਾਂ ਦਾ ਮਨ, ਦਿਨ ਰਾਤ ਨਾਮ ਦੇ ਰੰਗਾਂ ਵਿਚ ਰੱਤਾ ਹੀ ਰਹਿੰਦਾ ਹੈ ਤੇ ਜਿਨ੍ਹਾਂ ਨੇ ਏਸ ਮਨ ਰੰਗ-ਰੱਤੀ ਦਸ਼ਾ ਵਿਚ ਸਾਰੀ ਉਮਰ ਤੋੜ ਨਿਭਾਈ ਹੈ ਤਿਨ੍ਹਾਂ ਦਾ ਜਨਮ ਮਰਨ ਦਾ ਦੁਖ ਸਾਰਾ ਹੀ ਦੂਰ ਹੋ ਜਾਂਦਾ ਹੈ ਤੇ ਉਹ ਸਹਿਜ ਸੁਭਾਉ ਹੀ ਵਾਹਿਗੁਰੂ ਦੀ ਦਰਗਾਹ ਜਾ ਮਿਲਦੇ ਹਨ।

ਜੋ ਮਨਿ ਰਾਤੇ ਹਰਿ ਰੰਗੁ ਲਾਇ।।
ਤਿਨ ਕਾ ਜਨਮ ਮਰਣ ਦੁਖੁ ਲਾਥਾ,
ਤੇ ਹਰਿ ਦਰਗਹ ਮਿਲੇ ਸੁਭਾਇ।।

(ਆਸਾ ਮਹਲਾ ੧, ਪੰਨਾ ੩੬੨)



www.AKJ.Org

# ਸ੍ਰੀ ਗੁਰੂ ਰਾਮਦਾਸ ਜੀ

ਪ੍ਰੋ: ਬਲਵਿੰਦਰ ਸਿੰਘ ਜੌੜਾ ਸਿੰਘਾ)

ਸ੍ਰੀ ਗੁਰੂ ਨਾਨਕ ਜੀ 'ਤੇ ਪ੍ਰਜਵਲਿਤ ਹੋਈ ਨਿਰੰਕਾਰੀ ਜੋਤ ਨੇ ਜਦ ਚੌਥੀ ਵਾਰ ਕਾਇਆ ਪਲਟੀ ਤਾਂ ਭਾਈ ਜੇਠਾ ਜੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਗੁਰਿਆਈ ਗੱਦੀ 'ਤੇ ਬਿਰਾਜਮਾਨ ਹੋਏ। ਕੌਣ ਕਹਿੰਦਾ ਸੀ, ਕੌਣ ਮੰਨਦਾ ਸੀ ਕਿ ਗੁਰਿਆਈ ਦੇ ਤਖਤ ਦਾ ਮਾਣ ਇਕ ਸਾਧਾਰਣ, ਇਸ ਘੁੰਗਣੀਆਂ ਵੇਚਣ ਵਾਲੇ ਰੁਲਦੇ ਫਿਰਦੇ ਨੂੰ ਨਸੀਬ ਹੋਵੇਗਾ ? ਪਰ ਇਹ ਹੋਇਆ। ਇਹ ਮੰਨਿਆ ਗਿਆ ਤੇ ਫਿਰ ਕਿਹਾ। ਬਾਣੀਕਾਰ ਭੱਟ ਇਸ ਦੀ ਪੁਸ਼ਟੀ ਕਰਦੇ ਹਨ:

ਗੁਰੂ ਨਾਨਕੁ ਨਿਕਟਿ ਬਸੈ ਬਨਵਾਰੀ।।
ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ।।
ਲਹਣੈ ਪੰਥੁ ਧਰਮ ਕਾ ਕੀਆ।।
ਅਮਰਦਾਸ ਭਲੇ ਕਉ ਦੀਆ।।
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਉ।।
ਹਰਿ ਕਾ ਨਾਮੁ ਅਖੈ ਨਿਧਿ ਅਪ੍ਉ।।
(ਪੰਨਾ ੧੪੦੧)

ਸਭ ਬਿਧਿ ਮਾਨ੍ਿਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ
(ਪੰਨਾ ੧੩੯੯)

## ਮੁੱਢਲਾ ਜੀਵਨ :-

ਗੁਰੂ ਰਾਮਦਾਸ ਜੀ ਦਾ ਜਨਮ ਰਾਵੀ ਦੇ ਕਿਨਾਰੇ ਵਸੇ ਸੁੰਦਰ ਸ਼ਹਿਰ ਲਾਹੌਰ ਦੇ ਸੋਢੀ ਠਾਕੁਰ ਦਾਸ ਦੇ ਪੁੱਤਰ ਹਰਿਦਾਸ ਦੇ ਘਰ ਮਾਤਾ ਦਯਾ ਕੌਰ (ਬੀਬੀ ਅਨੂਪੀ) ਦੀ ਕੁਖੋਂ ਕੱਤਕ ਵਦੀ ਦੋ ੧੫੯੧ ਨੂੰ ਮੁਤਾਬਿਕ ੨੪ ਸਤੰਬਰ੧੫੩੪ਨੂੰ ਹੋਇਆ। ਪਹਿਲੀ ਔਲਾਦ ਹੋਣ ਕਰਕੇ ਨਾਂ ਰੱਖਿਆ ਜੇਠਾ। ਪਿਛੋਂ ਇਕ ਭਰਾ ਹਰਦਿਆਲ ਅਤੇ ਭੈਣ ਰਾਮਦਾਸੀ ਪੈਦਾ ਹੋਏ। ਬਾਲਕ ਬੁਧੀਦੇ ਵਿਕਾਸ ਦਾ ਵਕਤ ਹੀ ਸੀ ਕਿ ਮਾਤਾ ਜੀ ਚਲਾਣਾਂ ਕਰ ਗਏ। ਅਜੇ ਮਸਾਂ ਸਤਵਾਂ ਵਰ੍ਹਾ ਹੀ ਲੱਗਾ ਤਾਂ ਬਾਪੂ ਦਾ ਸਾਇਆ ਜਾਂਦਾ ਰਿਹਾ। ਇਸ ਤਰ੍ਹਾਂ ਹੱਸਣ ਤੇ ਖੇਡਣ-ਮੱਲ੍ਹਣ ਦੀ ਬਾਲੜੀ ਉਮਰੇ ਛੋਟੇ ਭੈਣ-ਭਰਾ ਦਾ ਬੋਝ ਆ ਪਿਆ। ਜੇਠਾ ਜੁ ਸੀ। ਸੁਹਣੇ, ਸੁਨੱਖੇ ਮੁਸਕਰਾਂਦੇ ਬਾਲਕ ਤੇ ਭਾਰ ਆ ਪਿਆ। ਮੈਕਾਲਫ ਕਹਿੰਦਾ ਹੈ ਉਹ ਸੁੰਦਰ ਤੇ ਸੁਣੱਖੇ ਸਨ ਤੇ ਹਸੂੰ ਹਸੂੰ ਕਰਦੇ ਰਹਿੰਦੇ ਸਨ ਪਰ ਸਨ ਬਾਲ ਉਮਰ ਵਿਚ ਹੀ ਸਿਆਣਿਆਂ ਵਾਂਗ ਕਹਿਣੀ ਤੇ ਕਰਨੀ ਤੋ ਮਾਲਕ:

"ਬਾਲ ਉਮਰ ਬ੍ਰਿਧਨ ਸੀ ਚਾਲੈ।।' (ਪੰਥ ਪ੍ਰਕਾਸ਼)

ਫਿਰ ਆਪਣਾ ਤੇ ਪਰਿਵਾਰ ਦਾ ਪੇਟ ਭਰਨ ਲਈ ਕਿੱਤਾ ਅਪਣਾਇਆ ਘੁੰਗਣੀਆਂ ਵੇਚਣ ਦਾ। ਗੁਰੂ ਨਾਨਕ ਵਾਂਗ ਕਦੀ ਕਦੀ ਸੱਚਾ ਸੌਦਾ ਕਰ ਆਉਂਦੇ। ਬੱਚਿਆਂ ਨੂੰ ਅਨਾਥ ਵੇਖ ਕੇ ਨਾਨੀ ਆਪ ਨੂੰ ਪਿੰਡ ਬਾਸਰਕੇ ਲੈ ਆਈ। ਏਥੇ ਭਾਈ ਜੇਠਾ ਜੀ ਫਿਰ-ਤੁਰ ਕੇ ਘੁੰਗਣੀਆਂ ਵੇਚਦੇ। ਇਨ੍ਹਾਂ ਹੀ ਦਿਨਾਂ ਵਿਚ ਬਾਬਾ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਆ ਚੁੱਕੇ ਸਨ। ਬਾਰਾਂ ਸਾਲ ਦੀ ਉਮਰ ਵਿਚ ਬਾਬਾ (ਗੁਰੂ) ਅਮਰਦਾਸ ਰਾਹੀਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ। ਜਦੋਂ ਗੋਇੰਦਵਾਲ ਬਣਨ ਲੱਗਾ ਤਾਂ ਨਾਨੀ, ਸਮੇਤ ਬਾਲਕ ਜੇਠਾ ਜੀ ਗੋਇੰਦਵਾਲ ਆ ਟਿਕੇ। ਗੁਰੂ -ਘਰ ਦੀ ਘਾਲ ਦੇ ਨਾਲ-ਨਾਲ ਘੁੰਗਣੀਆਂ ਵੇਚਣ ਦੀ ਕਿਰਤ ਵੀ ਕਰੀ ਜਾਂਦੇ। ਇਸ ਕਿਰਤ ਦੇ ਨਾਲ ਭਾਈ ਜੇਠਾ ਜੀ ਰੋਜ਼ ਗੁਰੂ-ਦਰਬਾਰ ਦੀ ਹਾਜ਼ਰੀ ਵੀ ਭਰਦੇ ਅਤੇ ਗੋਇੰਦਵਾਲ ਦੀ ਉਸਾਰੀ ਵਿਚ ਯਥਾ-ਸ਼ਕਤ ਸੇਵਾ ਵੀ ਕਰਦੇ। 'ਗੁਰੂ ਸਤਿਗੁਰੂ ਸੰਗ' ਰਿਸ਼ਤਾ ਬਣਨ ਦਾ ਵਕਤ ਸ਼ੁਰੂ ਹੋ ਚੱਕਾ ਸੀ। ਰੁਲਣ ਫਿਰਨ ਦੀਆਂ ਘੜੀਆਂ ਖਾਤਮੇ ਵੱਲ ਜਾ ਰਹੀਆਂ ਸਨ। ਸੇਵਾ ਵਿਚ ਜੁਟਿਆ ਇਕ ਦਿਨ ਸਤਿਗੁਰੂ ਜੀ ਦੀ ਮਿਹਰ-ਦ੍ਰਿਸ਼ਟੀ ਆਪ ਉੱਤੇ ਟਿਕੀ। ਸੁਭਾਵਕ ਹੀ ਪ੍ਰਸ਼ਨ ਕੀਤਾ "ਬਾਸਰਕੇ ਕਿਉਂ ਛੱਡ ਆਏ ਹੋ ?" ਨਿਮਰਤਾ ਤੇ ਅਧੀਨਤਾ ਨਾਲ ਜੁਆਬ ਸੀ, "ਸੰਸਾਰਕ ਲੋੜਾਂ ਤੇ ਸਰੀਰਕ ਖਾਹਿਸ਼ਾਂ ਤਜ ਕੇ ਏਥੇ ਆਇਆ ਹਾਂ।" ਬਸ ਫਿਰ ਕੀ ਸੀ ? ਰਹਿਮਤਾਂ ਦੀ ਛਹਿਬਰ ਲੱਗ ਗਈ। ਅਸੀਸ ਮਿਲੀ "ਜੇ ਸੰਸਾਰਕ ਇਛਾਵਾਂ', ਲਾਲਸਵਾਂ ਤੇ ਮੋਹ ਪਰ੍ਹੇ ਹਟਾ ਆਏ ਹੋ ਤਾਂ ਸੱਚੀ ਪਾਤਸ਼ਾਹੀ ਵੀ ਤੁਹਾਨੂੰ ਹੀ ਮਿਲੇਗੀ। ਸੱਚਾ ਤਖਤ ਤੇ ਸੱਚੀ ਪਾਤਸ਼ਾਹੀ ਉਸੇ ਨੂੰ ਮਿਲਦੀ ਹੈ ਜੋ ਕਿਰਤ ਤੇ ਸੇਵਾ ਵਿਚ ਮਨ ਲਗਾਉਂਦਾ ਹੈ।" ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਨੂੰ ਅੰਗ ਨਾਲ ਲਾ ਲਿਆ।

## ਵਿਆਹ:-

ਗੁਰੂ ਅੰਗ-ਸੰਗ ਸੀ ਭਾਈ ਜੇਠੇ ਦੇ ! ਮਾਤਾ ਮਨਸਾ ਦੇਵੀ (ਰਾਮੋ ਜੀ) ਨੇ ਜਵਾਨ ਹੋ ਰਹੀ ਬੀਬੀ ਭਾਨੀ ਦੀ ਚਿੰਤਾ ਗੁਰੂ ਜੀ ਸਨਮੁਖ ਕੀਤੀ ਤੇ "ਵਰ ਕਿਹੋ ਜਿਹਾ ?" "ਭਾਈ ਜੇਠੇ ਵਰਗਾ।" ਸੁਹਣਾ ਤੇ ਸੁਣੱਖਾ ਜੁ ਸੀ ! "ਫਿਰ ਭਾਈ ਜੇਠੇ ਵਰਗਾ ਤਾਂ ਜੇਠਾ ਹੀ ਹੈ", ਗੁਰੂ ਜੀ ਨੇ ਕਿਹਾ। ਕੈਸੀ ਰਹਿਮਤ ਸੀ ਇਕ ਅਨਾਥ, ਘੁੰਗਣੀਆਂ ਵੇਚਣ ਵਾਲੇ ਭਾਈ ਜੇਠੇ ਉੱਤੇ ! ਪਹਿਲਾਂ ਮੰਗਣੀ ਤੇ ਫਿਰ ਦਸੰਬਰ, ੧੫੫੨ ਈ. ਨੂੰ ਵਿਆਹ ਹੋ ਗਿਆ।



www.AKJ.Org

ਗੁਰੂ ਘਰ ਦੇ ਮੇਲ ਤੇ ਸੰਗਤ ਦੀ ਰਹਿਨੁਮਾਈ ਹੇਠ ਗੁਰੂ-ਦਰਬਾਰ ਵਿਚ ਸੰਸਾਰਕ ਲੋੜਾਂ ਤਜ ਕੇ ਅਧਿਆਤਮਕ ਸੋਧ ਵੀ ਨਾਲ ਦੀ ਨਾਲ ਗ੍ਰਹਿਣ ਕਰੀ ਜਾਂਦੇ। ਦੁਨਿਆਵੀ ਤੇ ਅਧਿਆਤਮਕ ਵਿਦਿਆ ਦੀ ਪਾਠਸ਼ਾਲਾ ਗੁਰੂ-ਦਰਬਾਰ ਹੀ ਸੀ। ਗੁਰੂ ਨਾਲ ਰਿਸ਼ਤੇ ਦਾਰੀ ਵੀ ਅਤੇ ਮਿੱਟੀ ਚਿੱਕੜ ਦੀ ਸੇਵਾ ਵੀ। ਕਬੀਲੇ ਵਾਲਿਆਂ ਨੂੰ ਗੱਲ ਲਾਉਣ ਦਾ ਮੌਕਾ ਮਿਲਣਾ ਸੁਭਾਵਕ ਸੀ :-

"ਕੁਲ ਲਜਯਾ ਖੋਈ।
ਘਰ ਸੁਸਰਾਰਿ ਮ੍ਰਿਤਕਾ ਢੋਈ।"

ਪਰ ਇਹ ਮਿੱਟੀ ਦੀ ਟੋਕਰੀ ਕੁਲ-ਕਬੀਲੇ ਵਾਲਿਆਂ ਨੂੰ ਦਿੱਸਦੀ ਸੀ। ਹੈ ਤਾਂ ਉਹ ਜਗਤ ਦਾ ਛਤਰ ਸੀ ! ਤਖਤ ਦਾ ਮਾਲਕ ਬਣਨ ਤੇ ਸਿਰ ਛਤਰ ਝੁਲਾਉਣ ਦੀ ਤਿਆਰੀ ਸੀ। ਇਹ ਬਿਧ ਸੀ, ਢੰਗ ਸੀ। ਪ੍ਰਸੰਨ ਹੋਣ ਦਾ, ਪ੍ਰਸੰਨਤਾ ਦੇਣ ਦਾ। ਭੱਟ ਨਲ ਜੀ ਇਸ ਦੀ ਸਾਹਦੀ ਭਰਦੇ ਹਨ :-

ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।।
(ਪੰਨਾ ੧੩੯੯)

ਗੁਰੂ ਅਮਰਦਾਸ ਜੀ ਲੋਕ-ਉਧਾਰ ਕਰਨ ਲਈ ਯਾਤਰਾ 'ਤੇ ਗਏ ਤਾਂ ਭਾਈ ਜੇਠਾ ਜੀ ਵੀ ਨਾਲ ਸਨ। ਲੋਕਾਂ ਦਾ ਕਾਰ-ਵਿਹਾਰ, ਗੁਰੂ ਦੀ ਮਹਿਮਾ ਡਿੱਠੀ। ਗੰਗਾ ਤੇ ਜਮਨਾ ਕੰਢੇ ਹੋਈਆਂ ਜੋਗੀਆਂ, ਦਿਗੰਬਰਾਂ, ਸੰਨਿਆਸੀਆਂ ਆਦਿ ਨਾਲ ਭੇਟ-ਵਾਰਤਾਵਾਂ ਤੱਕੀਆਂ। ਗੋਸ਼ਟਾਂ ਹੁੰਦੀਆਂ ਵੇਖੀਆਂ। ਜੀਵਨ ਲਈ ਇਹ ਸਭ ਕੁਝ ਨਵਾਂ ਸੀ। ਇਹਨਾਂ ਯਾਤਰਾਵਾਂ ਸੰਬੰਧੀ ਅੱਗੇ ਜਾ ਕੇ ਵਰਣਨ ਵੀ ਕਰਦੇ ਹਨ :-

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ।।
(ਪੰਨਾ ੧੧੧੬)

ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ
ਕਰਿ ਗਏ ਗੋਸਟਿ ਢੋਆ।। (ਉਹੀ)

ਗੁਰਿਆਈ :-

ਸਮਾਂ ਆਣ ਪਹੁੰਚਾ ਸਿਰ ਛੱਤਰ ਦਾ ! ਹੁਣ ਘਾਲ ਦਾ ਲੇਖਾ ਹੋਣਾ ਸੀ। ਗੁਰੂ-ਪੁੱਤਰ, ਵੱਡਾ ਸਾਢੂੰ ਭਾਈ ਰਾਮਾ ਸਭ ਤਿਆਰ ਸਨ, ਗੁਰੱਗਦੀ ਦੇ ਵਾਰਸ ਬਣਨ ਲਈ, ਪਰ ਘਾਲ ਦਾ ਝੋਲਾ ਖਾਲੀ ਸੀ। ਮਿੱਟੀ ਗਾਰੇ ਦਾ ਥੜਾ ਬਣਾਉਣਾ ਆਖਰੀ ਪਰੀਖਿਆ ਸੀ। ਇਮਤਿਹਾਨ ਪਾਸ ਹੋਣਾ ਲਾਜ਼ਮੀ ਸੀ। ਪੁੱਤਰ ਪਿੱਛੇ ਹਟ ਗਏ। ਭਾਈ ਰਾਮਾ ਥੋੜ੍ਹੇ ਚਿਰ ਲਈ ਅੱਗੇ ਆਇਆ। ਪਰ ਢਾਹੁਣ-ਬਣਾਉਣ ਤੋਂ ਅੱਕ ਗਿਆ। ਬਸ ਆਖਰੀ ਅਲਕ ਵੀ ਪਾਰ ਕਰ ਲਈ। ਸਭ ਸੰਗਤ ਵੇਖ ਰਹੀ ਸੀ। ਬਾਬਾ ਬੁੱਢਾ ਜੀ ਵੇਖ ਰਹੇ ਸਨ। ਘਾਲ ਸਫਲ ਹੋ ਗਈ। "ਸਿਖਾਂ ਪੁਤ੍ਰਾਂ ਘੋਖਿ ਕੈ" ਭਰੇ ਦਰਬਾਰ ਵਿਚ ਸ੍ਰੀ ਗੁਰੂ ਅਮਰਦਾਸ ਜੀ 'ਧੁਰਿ ਲਿਖਿਆ ਲੇਖੁ ਰਜਾਇ ਜੀਉ' ਦੇ ਹੁਕਮ ਅਨੁਸਾਰ ਉਹ ਜੇਠਾ ਨੂੰ ਗੁਰਗੱਦੀ ਦੇ ਰਹੇ ਹਨ। ਕਿਉਂਕਿ ਉਹਨਾਂ ਅਨੁਸਾਰ, "ਜੇਠਾ ਜੀ ਹੀ ਮੇਰਾ ਭਾਵੀ ਰੂਪ ਹਨ।"

ਭਾਈ ਗੁਰਦਾਸ ਜੀ ਤੇ ਹੋਰ ਸਮਕਾਲੀ ਗਵਾਹ ਹਨ। ਗੁਰਿਆਈ ਦਾ ਛਤਰ ਭਾਈ ਜੇਠਾ ਦੇ ਸਿਰ ਟਿਕਾਇਆ। ਭਾਈ ਜੇਠਾ ਸ੍ਰੀ ਗੁਰੂ ਰਾਮਦਾਸ ਬਣ ਗਏ:-

ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ।
(ਵਾਰ ੨੪:੧੪)

ਗੁਰ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ।
(ਵਾਰ ੨੬ :੩੪)

ਗੁਰ-ਦਰਬਾਰ ਦੇ ਢਾਡੀ ਰਾਇ ਬਲਵੰਡ ਤੇ ਭਾਈ ਸਤਾ ਜੀ ਉਸ ਵਕਤ ਨੂੰ ਆਪਣੀ ਰਚਨਾ ਰਾਹੀਂ ਇਸ ਤਰ੍ਹਾਂ ਪੇਸ਼ ਕਰਦੇ ਹਨ :

ਧੰਨੁ ਧੰਨੁ ਰਾਮਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ।।
ਪੂਰੀ ਹੋਈ ਕਰਾਮਾਤਿ ਆਪਿ
ਸਿਰਜਣਹਾਰੈ ਧਾਰਿਆ।।
ਸਿਖੀ ਅਤੈ ਸੰਗਤੀ ਪਾਰਬ੍ਰਹਮੁ
ਕਰਿ ਨਮਸਕਾਰਿਆ ।।
ਅਟਲੁ ਅਥਾਹੁ ਅਤੋਲੁ ਤੂ
ਤੇਰਾ ਅੰਤੁ ਨ ਪਾਰਾਵਾਰਿਆ।।
ਜਿਨ੍ਹੀ ਤੂੰ ਸੇਵਿਆ ਭਾਉ ਕਰਿ
ਸੇ ਤੁਧੁ ਪਾਰਿ ਉਤਾਰਿਆ।।
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ
ਮਾਰਿਕਢੇ ਤੁਧੁ ਸਪਰਵਾਰਿਆ।।
ਧੰਨੁ ਸੁ ਤੇਰਾ ਥਾਨੁ ਹੈ
ਸਚੁ ਤੇਰਾ ਪੈਸਕਾਰਿਆ।।
ਨਾਨਕੁ ਤੂ ਲਹਣਾ ਤੂਹੈ ਗੁਰੁ
ਅਮਰੁ ਤੂ ਵੀਚਾਰਿਆ।।
ਗੁਰੁ ਡਿਠਾ ਤਾਂ ਮਨੁ ਸਾਧਾਰਿਆ।।
(ਪੰਨਾ ੯੬੮)

ਬਾਣੀ ਆਵੇਸ਼ :-

ਜਿਉਂ ਹੀ ਨਿਰੰਕਾਰੀ ਜੋਤਿ ਜਗੀ, ਬਾਣੀ ਦਾ



www.AKJ.Org

ਆਵੇਸ਼ ਸ਼ੁਰੂ ਹੋ ਗਿਆ। ਸ੍ਰੀ ਗੁਰੂ ਗ੍ਰੰਥ ਵਿਚਲੀ ਬਾਣੀ ਵਿਚੋਂ ੩੦ ਰਾਗਾਂ ਵਿਚ ਬਾਣੀ ਰਚਨਾ ਕੀਤੀ। ਕੁੱਲ ਪਦੇ ੨੪੫, ਅਸਟਪਦੀਆਂ ੩੧, ਛੰਤ ੩੨,ਸਲੋਕ, ੧੩੭ ਵਾਰਾਂ ੮, ਪਉੜੀਆਂ ੧੮੩ ਹਨ।

**ਨਵੇਂ ਕੇਂਦਰੀ ਸਥਾਨ ਦਾ ਨਿਰਮਾਣ :-**

ਗੁਰੂ-ਘਰ ਦੀ ਰੀਤ ਅਨੁਸਾਰ ਪਹਿਲੇ ਕਰਤਾਰਪੁਰ ਤੋਂ ਖਡੂਰ, ਖਡੂਰ ਤੋਂ ਗੋਇੰਦਵਾਲ ਦੇ ਕੇਂਦਰੀ ਗੁਰ-ਅਸਥਾਨ ਹੋਂਦ ਵਿਚ ਆਏ। ਹੁਣ ਸ੍ਰੀ ਗੁਰੂ ਅਮਰਦਾਸ ਜੀ ਨੇ ਨਵੇਂ ਸਥਾਨ ਦੀ ਭਾਲ ਕਰ ਕੇ ਹੁਕਮ ਕੀਤਾ, "ਗੁਰੂ ਚੱਕ" ਵਸਾਉਣ ਦਾ ਤੇ ਆਣ ਮੋਹੜੀ ਗਡੀ। ਪਰੰਪਰਾ ਇਹ ਵੀ ਹੈ ਕਿ ਇਸ ਪਾਵਨ ਅਸਥਾਨ ਨੂੰ ਸ੍ਰੀ ਗੁਰੂ ਨਾਨਕ ਜੀ ਦੇ ਰਚਨਾ ਦੀ ਛੁਹ ਪ੍ਰਾਪਤ ਸੀ। ਭਾਈ ਗੁਰਦਾਸ ਜੀ ਵੀ ਇਸ ਦੀ ਪੁਸ਼ਟੀ ਕਰਦੇ ਹਨ :

**ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।**
**ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।**
(ਵਾਰ ੧ : ੪੭)

**ਸ਼ਖਸੀਅਤ :-**

ਸ੍ਰੀ ਗੁਰੂ ਰਾਮਦਾਸ ਦੀ ਸ਼ਖਸੀਅਤ ਦੀ ਮਹਾਨਤਾ ਦੇ ਗੁਣ ਹੀ ਗੁਣ ਨਜ਼ਰ ਆਉਂਦੇ ਹਨ। ਉਨ੍ਹਾਂ ਦੀ ਆਪਣੀ ਬਾਣੀ, ਭੱਟ, ਬਾਣੀਕਾਰਾਂ, ਸਤੇ ਤੇ ਬਲਵੰਡ ਦੀ ਬਾਣੀ, ਬਚਿੱਤ੍ਰ ਨਾਟਕ ਤੇ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਆਪ ਦੀ ਸ਼ਖਸੀਅਤ ਦੇ ਨਜ਼ਾਰੇ ਤੱਕਣ ਯੋਗ ਹਨ। ਮਨ ਖਿੜ ਉੱਠਦਾ ਹੈ ਅਜੇਹੇ ਪਰਉਪਕਾਰੀ ਗੁਰੂ ਦੀ ਸ਼ਖਸੀਅਤ ਦੀ ਝਲਕ 'ਤੇ ! ਨਿਮਰਤਾ ਤੇ ਬੋਲਾਂ ਦੀ ਮਿਠਾਸ ਤਾਂ ਆਪ ਜੀ ਦੀ ਬਾਣੀ 'ਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਆਪਣੇ ਆਪ ਨੂੰ ਕੀੜਿਆਂ ਤੁਲ ਸਮਝਣਾ ਤੇ ਗੁਰੂ ਦੀ ਰਹਿਮਤ ਤੇ ਟੇਕ ਆਪ ਜੀ ਦੇ ਗੁਣ ਸਨ। ਪੁਸ਼ਟੀ ਹਿਤ ਆਪ ਜੀ ਦੇ ਫੁਰਮਾਨ ਹਨ :

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ।।
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।।
(ਪੰਨਾ ੧੬੭)

ਰਾਗ ਦੋਖ ਤੋਂ ਮੁਕਤ ਪੂਰਨ ਰਾਜ ਜੋਗੀ ਸਨ ਸ੍ਰੀ ਗੁਰੂ ਰਾਮਦਾਸ ਜੀ!

**ਰਾਗ ਦੋਖ ਨਿਰਦੋਖੁ ਹੈ ਰਾਜੁ ਜੋਗ ਵਰਤੈ ਵਰਤਾਰਾ।**
(ਭਾਈ ਗੁਰਦਾਸ ਵਾਰ ੨੪ : ੧੪)

ਆਪ ਪਰਉਪਕਾਰੀ ਅਰ ਸ਼ਾਤੀ ਦੇ ਸਰੋਵਰ ਤੇ ਪਰਮ ਹੰਸ ਸਨ :

**ਸਭਨਾ ਸਾਹਿਬੁ ਇਕੁ ਹੈ ਦੂਜੀ ਜਾਇ ਨ ਹੋਇ ਨ ਹੋਗੀ।**
**ਸਹਜ ਸਰੋਵਰਿ ਪਰਮਹੰਸੁ ਗੁਰਮਤਿ ਮੋਤੀ ਮਾਣਕ ਚੋਗੀ।...**
**ਜੰਮਣ ਮਰਣਹੁ ਬਾਹਰੇ ਪਰਉਪਕਾਰ ਪਰਮਪਰ ਜੋਗੀ।**
**ਰਾਮਦਾਸ ਗੁਰ ਅਮਰ ਸਮੋਗੀ।।** (ਵਾਰ ੨੪: ੧੭)

ਗੁਰੂ ਰਾਮਦਾਸ ਜੀ ਦੀ ਵਡਿਆਈ ਕਰਦੇ ਹੋਏ ਭੱਟ, ਗੁਰੂ ਜੀ ਅੱਗੇ ਅਰਦਾਸ ਕਰਦੇ ਹਨ :

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ।।
ਮਾਯਾ ਮੋਹ ਭਰਮ ਪੈ ਭੂਲੇ
ਸੁਤ ਦਾਰਾ ਸਿਉ ਪ੍ਰੀਤਿ ਲਗਾਈ।।
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ ਮਿਟਾਈ।।
ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ।।
(ਪੰਨਾ ੧੪੦੬)

ਇਹੋ ਵਡਿਆਈ ਕੀਰਤ ਭੱਟ ਜੀ ਕਰਦੇ ਹਨ ਕਿ ਅਜਿਹੀ ਸ਼ਖਸੀਅਤ ਜਿਸ ਦੇ ਦਰਸ਼ਨਾਂ ਨਾਲ ਜਮਾਂ ਦਾ ਡਰ-ਭਉ ਲੱਥ ਜਾਂਦਾ ਹੈ।

ਨਲ ਭੱਟ ਜੀ ਨੇ ਪੁਰਾਣਕ ਹਵਾਲਿਆਂ ਜਿਵੇਂ ਪ੍ਰਹਲਾਦ, ਦਰੋਪਦੀ, ਸੁਦਾਮਾ, ਗਨਿਕਾ ਆਦਿ ਦੇ ਪ੍ਰਮਾਣ ਦੇ ਕੇ ਕਲਜੁਗ ਵਿਚ ਗੁਰੂ ਰਾਮਦਾਸ ਜੀ ਲਾਜ ਨੂੰ ਰੱਖਣ ਵਾਲੇ ਦੱਸਿਆ ਹੈ :

ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ॥
ਰਾਖਹੁ ਦਾਸ ਭਾਟ ਕੀ ਲਾਜ।।
(ਪੰਨਾ ੧੪੦੦)

**ਅੰਤਮ ਸਮਾਂ:-**

ਸ੍ਰੀ ਗੁਰੂ ਰਾਮਦਾਸ ਜੀ ਦੇ ਅੰਤਮ ਸਮੇਂ ਗੁਰਗੱਦੀ ਦੇਣ ਵੇਲੇ ਪਰਿਵਾਰ ਵਿਚ ਅੰਤਰ-ਵਿਰੋਧ ਉੱਠਿਆ ਪਰ ਜੋ ਅਕਾਲੀ ਹੁਕਮ ਅਨੁਸਾਰ ਹੱਕ ਰਖੱਦਾ ਸੀ ਇਹ ਵਡਿਆਈ ਤਾਂ ਉਸੇ ਨੂੰ ਮਿਲਣੀ ਸੀ। ਸੋ ਗੁਰਗੱਦੀ ਦੇ ਹੱਕਦਾਰ ਬਣੇ ਸ੍ਰੀ ਗੁਰੂ ਅਰਜਨ ਦੇਵ !

**ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜਨੁ ਕਉ ਦੇ ਆਇਅਉ।।**
(ਪੰਨਾ ੧੪੦੯)

ਅੱਗੋਂ ਗੁਰਗੱਦੀ ਦਾ ਛਤਰ ਸ੍ਰੀ ਗੁਰੂ ਅਰਜਨ ਦੇਵ ਸਿਰ ਝੁਲਾ ਕੇ ਆਪ ਭਾਦੋਂ ਸੁਦੀ ੩, ਸੰਮਤ ੧੬੩੮, ਮੁਤਾਬਕ ੨ ਸਤੰਬਰ ੧੫੮੧ ਦਿਨ ਸਨਿਚਰਵਾਰ ਨੂੰ ਜੋਤੀ ਜੋਤਿ ਸਮਾ ਗਏ।


www.AKJ.Org

# ਜੀਵਨ ਬਿਉਰਾ ਸ੍ਰੀ ਗੁਰੂ ਰਾਮਦਾਸ ਜੀ

**ਜਨਮ**- ਗੁਰੂ ਰਾਮਦਾਸ ਜੀ ਦਾ ਜਨਮ ਕਤਕ ਵਦੀ ੨ ਸੰ: ੧੫੯੧ ਨੂੰ ਹੋਇਆ। ਓਦੋਂ ਅੰਗਰੇਜ਼ੀ ਸੰਨ ੧੫੩੪ ਦੇ ਸਤੰਬਰ ਦੀ ੨੫ ਤਰੀਕ ਸੀ।

**ਮਾਤਾ ਪਿਤਾ** - ਆਪ ਜੀ ਦੇ ਮਾਤਾ ਦਾ ਨਾਂ ਦਇਆ ਕੌਰ ਤੇ ਪਿਤਾ ਦਾ ਨਾਂ ਸੋਢੀ ਹਰਿਦਾਸ ਸੀ।

**ਜਨਮ ਅਸਥਾਨ**- ਜਨਮ ਆਪ ਜੀ ਦਾ ਪੱਛਮੀ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਹੋਇਆ। ਆਪ ਦਾ ਜਨਮ-ਅਸਥਾਨ ਲਾਹੌਰ ਵਿਚ ਚੂਨੇ ਮੰਡੀ ਵਿਖੇ ਹੈ। ਇਹ ਪਵਿੱਤਰ ਅਸਥਾਨ ਅੱਜ ਕਲ੍ਹ ਪਾਕਿਸਤਾਨ ਵਿਚ ਰਹਿ ਜਾਣ ਕਾਰਨ ਇਸ ਦੀ ਚਰਨ-ਧੂੜ ਪਰਸਣ ਤੋਂ ਅਸੀਂ ਵਿਛੜੇ ਹੋਏ ਹਾਂ।

**ਬਚਪਨ**- ਬਚਪਨ ਵਿਚ ਆਪ ਦਾ ਨਾਂ 'ਜੇਠਾ ਜੀ' ਕਰਕੇ ਪਰਸਿੱਧ ਸੀ। ਸਤਾਂ ਕੁ ਸਾਲਾਂ ਦੀ ਉਮਰ ਵਿਚ ਆਪ ਜੀ ਦੇ ਸਿਰ ਤੋਂ ਮਾਤਾ ਪਿਤਾ ਦਾ ਸਾਇਆ ਉਠ ਗਿਆ, ਜਿਸ ਕਰਕੇ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ (ਜ਼ਿਲਾ ਅੰਮ੍ਰਿਤਸਰ) ਵਿਚ ਲੈ ਆਈ। ਬਾਰ੍ਹਾਂ ਸਾਲਾਂ ਦੀ ਉਮਰ ਤਕ ਇਸੇ ਪਿੰਡ ਵਿਚ ਆਪ ਘੁੰਗਣੀਆਂ ਵੇਚਦੇ ਰਹੇ।(ਗੁਰੂ) ਅਮਰਦਾਸ ਜੀ ਦਾ ਨਿਵਾਸ-ਅਸਥਾਨ ਵੀ ਬਾਸਰਕੇ ਹੀ ਸੀ।

**ਗੋਇੰਦਵਾਲ ਵਿਖੇ**- (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਅਤੁੱਟ ਸੇਵਾ ਕੀਤੀ ਅਤੇ ਆਗਿਆ ਪਾ ਕੇ ੧੫੪੬ ਈਸਵੀ ਵਿਚ ਗੋਇੰਦਵਾਲ ਵਸਾਇਆ। ਇਸ ਸਮੇਂ (ਗੁਰੂ) ਅਮਰਦਾਸ ਜੀ ਨੇ ਬਾਸਰਕੇ ਤੋਂ ਆਪਣੇ ਕਈ ਸਨਬੰਧੀਆਂ ਨੂੰ ਪਰਵਾਰਾਂ ਸਮੇਤ ਲਿਆ ਕੇ ਗੋਇੰਦਵਾਲ ਦੇ ਵਾਸੀ ਬਣਾਇਆ। ਓਦੋਂ ਹੀ ਭਾਈ ਜੇਠਾ ਜੀ ਵੀ ਗੋਇੰਦਵਾਲ ਵਿਖੇ ਆ ਵਸੇ ਅਤੇ ਇਥੇ ਵੀ ਓਹੋ ਘੁੰਗਣੀਆਂ ਵਾਲੀ ਕਿਰਤ ਜਾਰੀ ਰਖੀ, ਪਰ ਨਾਲ ਨਾਲ ਹੀ ਗੁਰੂ-ਸੰਗਤਾਂ ਦੀ ਸੇਵਾ ਵਿਚ ਵੀ ਹਰ ਵਕਤ ਤਤਪਰ ਰਹਿੰਦੇ।

੧੫੪੬ ਈਸਵੀ ਤੋਂ ਲੈ ਕੇ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ੧੫੭੪ ਤਕ ਲਗ ਪਗ ੨੮ ਵਰ੍ਹੇ ਬਹੁਤਾ ਕਰ ਕੇ ਆਪ ਗੋਇੰਦਵਾਲ ਵਿਖੇ ਹੀ ਸੇਵਾ ਵਿਚ ਜੁਟੇ ਰਹੇ। ਇਸ ਸਮੇਂ ਵਿਚ ਆਪ ਜੀ ਦੇ ਜੀਵਨ ਦੀਆਂ ਕਈ ਘਟਨਾਵਾਵਾਂ ਵਰਣਨ ਯੋਗ ਹਨ।

ਗੁਰੂ ਅੰਗਦ ਦੇਵ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਸਮੇਂ ੧੫੫੨ ਈ: ਵਿਚ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦੀ ਗਦੀ ਤੇ ਅਸਥਾਪਨ ਕੀਤਾ। ਇਸ ਤੋਂ ਇਕ ਵਰ੍ਹਾ ਪਿਛੋਂ ਹੀ ਗੁਰੂ ਅਮਰਦਾਸ ਜੀ ਨੇ ਆਪਣੀ ਪੁਤਰੀ ਬੀਬੀ ਭਾਨੀ ਦਾ ਅਨੰਦ ਵਿਆਹ ੧੫੫੩ ਵਿਚ (ਗੁਰੂ) ਰਾਮਦਾਸ ਜੀ ਨਾਲ ਕਰ ਦਿੱਤਾ।

੧੫੫੭ ਵਿਚ ਗੁਰੂ ਅਮਰਦਾਸ ਜੀ ਦੀ ਆਗਿਆ ਪਾਲਦਿਆਂ ਹੋਇਆਂ ਆਪ ਜੀ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਗਏ ਅਤੇ ਗੁਰੂ -ਘਰ ਦੇ ਪੱਖ ਨੂੰ ਬੜੀ ਸੂਝ ਬੂਝ ਤੇ ਸਿਆਣਪ ਨਾਲ ਪੇਸ਼ ਕਰ ਕੇ ਉੱਜਲਾ ਤੇ ਉੱਚਤਮ ਸਾਬਤ ਕੀਤਾ ਅਤੇ ਵਿਰੋਧੀਆਂ ਤੇ ਈਰਖਾਲੂਆਂ ਨੂੰ ਸ਼ਰਮਿੰਦਾ ਕਰ ਕੇ ਤੋਰਿਆ।

੧੫੫੯ ਵਿਚ ਬਾਉਲੀ ਤਿਆਰ ਕਰਨ ਦੀ ਸੇਵਾ ਅਰੰਭ ਹੋਈ। ਇਸ ਸੇਵਾ ਵਿਚ ਆਪ ਜੀ ਨੇ ਦਿਨ-ਰਾਤ ਇਕ ਕਰ ਦਿਤਾ ਅਤੇ ਆਪਣੇ ਜਵਾਈ ਹੋਣ ਦੇ ਰਿਸ਼ਤੇ ਦੇ ਮਾਣ ਨੂੰ ਨੇੜੇ ਨਾ ਫਟਕਣ ਦਿਤਾ। ਜਿਥੇ ਕਿਤੇ ਕਿਸੇ ਸੇਵਾ ਦੀ ਲੋੜ ਹੁੰਦੀ, ਆਪ ਉਥੇ ਹੀ ਪੁਜ ਜਾਂਦੇ।

ਆਪ ਜੀ ਦੇ ਤਿੰਨਾਂ ਪੁੱਤਰਾਂ- ਬਾਬਾ ਪ੍ਰਿਥੀ ਚੰਦ, ਬਾਬਾ ਮਹਾਂ ਦੇਵ ਤੇ (ਗੁਰੂ) ਅਰਜਨ ਦੇਵ ਜੀ ਦਾ ਜਨਮ ਇਥੇ ਗੋਇੰਦਵਾਲ ਵਿਖੇ ਹੀ ਹੋਇਆ।

੧੫੭੦ ਈ: ਵਿਚ ਗੁਰੂ-ਆਗਿਆ ਅਨੁਸਾਰ ਅੰਮ੍ਰਿਤਸਰ ਨਗਰ ਦੀ ਨੀਂਹ ਰਖੀ ਤੇ ੧੫੭੩ ਵਿਚ ਅੰਮ੍ਰਿਤ-ਸਰੋਵਰ ਦਾ ਟੱਕ ਲਾਇਆ।

੧੫੭੪ ਈਸਵੀ ਵਿਚ ਗੁਰੂ ਅਮਰਦਾਸ ਜੀ ਆਪ ਨੂੰ ਗੁਰ-ਗਦੀ ਸੌਂਪ ਕੇ ਜੋਤੀ ਜੋਤਿ ਸਮਾ ਗਏ।

**ਸ੍ਰੀ ਅੰਮ੍ਰਿਤਸਰ ਵਿਖੇ**- ਆਪਣੀ ਗੁਰਤਾ ਦੇ ਸਤ ਕੁ ਸਾਲ ਦੇ ਸਮੇਂ ਵਿਚ ਆਪ ਜੀ ਨੇ ਕਈ ਮਹਾਨ ਕਾਰਜ ਕੀਤੇ,ਜਿਹਾ ਕਿ -

(ੳ) ਸ੍ਰੀ ਅੰਮ੍ਰਿਤ-ਸਰੋਵਰ ਦਾ 'ਪੂਰਨ-ਤਾਲ' ਖਟਾਇਆ।

(ਅ) ਸ੍ਰੀ ਅੰਮ੍ਰਿਤ-ਸਰੋਵਰ ਦੇ ਆਲੇ-ਦੁਆਲੇ ਵਖ ਵਖ ਕਲਬਾਂ ਵਾਲੇ ਅਨੇਕਾਂ ਕਿਰਤੀ, ਕਾਮੇ ਤੇ ਵਪਾਰੀ ਲੋਕਾਂ ਨੂੰ ਲਿਆ ਕੇ ਵਸਾਇਆ।

(ੲ) ਆਪ ਜੀ ਨੇ ਵੈਰਾਗ-ਮਈ ਬਾਣੀ ਦੀ ਰਚਨਾ ਕਰ ਕੇ ਗੁਰਬਾਣੀ-ਭੰਡਾਰ ਵਿਚ ਅਨੇਕਾਂ ਰਤਨ ਪ੍ਰੋਤੇ। ਆਪ ਜੀ ਦੇ ਰਚਿਤ ਛੰਤ ਛਕੇ, ਰੋਜ਼ਾਨਾ ਆਸਾ ਦੀ ਵਾਰ ਸਲੋਕਾਂ ਪਉੜੀਆਂ ਦੇ ਨਾਲ ਅੰਮ੍ਰਿਤ-ਵੇਲੇ ਸੰਗਤਾਂ ਗਾਇਨ ਕਰਦੀਆਂ ਤੇ ਰਸ ਮਾਣਦੀਆਂ ਹਨ। ਖ਼ਾਸ ਕਰਕੇ

(ਬਾਕੀ ਪੰਨਾ ੨੫ ਤੇ)



www.AKJ.Org

# ਗੁਰੂ ਰਾਮਦਾਸ ਜੀ ਤੇ ਅੰਮ੍ਰਿਤ-ਸਰ

(ਵਲੋਂ-ਪ੍ਰੋ: ਪ੍ਰਕਾਸ਼ ਸਿੰਘ ਜੀ)

ਗੁਰੂ ਰਾਮਦਾਸ ਨੇ ਸੰਨ ੧੫੭੩ ਈ: ਵਿਚ ਉਸ ਸਰੋਵਰ ਦਾ ਟੱਕ ਲਾਇਆ ਜੋ ਕਿ ਅੰਮ੍ਰਿਤ-ਸਰ ਨਾਂ ਨਾਲ ਪਰਸਿੱਧ ਹੋਇਆ। ਇਸ ਸਰੋਵਰ ਨੂੰ ਗੁਰਬਾਣੀ ਵਿਚ ਪੰਜਵੇਂ ਸਤਿਗੁਰੂ ਜੀ ਨੇ ਰਾਮਦਾਸ ਸਰੋਵਰ ਦੇ ਨਾਂ ਨਾਲ ਵੀ ਸੰਬੋਧਨ ਕੀਤਾ ਹੈ। ਚੌਥੇ ਗੁਰੂ ਜੀ ਨੇ ਇਹ ਟੱਕ ਦੁੱਖ ਭੰਜਨੀ ਬੇਰ ਦੇ ਕੋਲ ਲਾਇਆ।

ਅਗਲੇ ਸਾਲ ਭਾਵ ੧੫੭੪ ਈ: ਵਿਚ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾ ਗਏ, ਇਸ ਲਈ ਗੁਰੂ ਰਾਮਦਾਸ ਜੀ ਨੂੰ ਸਰੋਵਰ ਦੀ ਸੇਵਾ ਦਾ ਕੰਮ ਕੁਝ ਸਮੇਂ ਲਈ ਬੰਦ ਕਰਨਾ ਪਿਆ।

੧੫੭੭ ਈ: ਵਿਚ ਆਪ ਨੇ ਇਹ ਕੰਮ ਮੁੜ ਸ਼ੁਰੂ ਕੀਤਾ। ਹੁਣ ਸਤਿਗੁਰਾਂ ਨੇ "ਚੱਕ ਗੁਰੂ" ਆ ਕੇ ਪੱਕੇ ਤੌਰ ਤੇ ਨਿਵਾਸ ਕਰ ਲਿਆ। ਗੁਰੂ ਅਮਰਦਾਸ ਜੀ ਦੇ ਸਮੇਂ ਆਪ ਭਾਈ ਜੇਠਾ ਦੇ ਰੂਪ ਵਿਚ ਇਕ ਅਨਿੰਨ ਸੇਵਕ ਤੇ ਪਰਵਾਨ ਹੋਏ ਸਿਖ ਦੇ ਰੂਪ ਵਿਚ ਆਏ ਸਨ, ਪਰ ਹੁਣ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠ ਕੇ ਚੌਥੇ ਗੁਰੂ ਦੇ ਰੂਪ ਵਿਚ ਆਏ।

ਚਾਰ ਕੁ ਸਾਲ ਪਹਿਲਾਂ ਜਦ ਉਨ੍ਹਾਂ ਇਥੇ ਕੰਮ ਅਰੰਭਿਆ ਸੀ, ਤਾਂ ਬਾਬਾ ਬੁੱਢਾ ਜੀ ਤੇ ਹੋਰ ਕੁਝ ਮੁਖੀ ਸਿੱਖ ਹੀ ਨਾਲ ਸਨ, ਪਰ ਹੁਣ ਗੁਰੂ ਰਾਮਦਾਸ ਜੀ ਦੇ ਦਰਸ਼ਨਾ ਲਈ ਹਜ਼ਾਰਾਂ ਦੀ ਗਿਣਤੀ ਵਿਚ ਸਿਖ-ਸੇਵਕ ਇਥੇ ਆਣ ਲਗ ਪਏ ਤੇ ਸੇਵਾ ਵਿਚ ਤਨ ਮਨ ਧਨ ਦੁਆਰਾ ਹਿੱਸਾ ਪਾਣ ਲਗ ਪਏ ਸਨ।

ਚੁਗਿਰਦੇ ਦੇ ਪਿੰਡਾਂ ਵਿਚੋਂ ਕਈ ਸਿਖ 'ਚੱਕ ਗੁਰੂ' ਆ ਵਸੇ। ਕਈ ਲੋਕੀ ਤਾਂ ਦੂਰ-ਦੁਰਾਡਿਓਂ ਸਤਿਗੁਰੂ ਜੀ ਦੀ ਖਿੱਚ ਕਰਕੇ ਇਥੇ ਆ ਅਬਾਦ ਹੋਏ। ਉਦੋਂ ਇਹ ਨਿੱਕਾ ਜਿਹਾ ਪਿੰਡ ਸੀ। ਬੇਰੀਆਂ ਤੇ ਅੰਬਾਂ ਦੇ ਝੁੰਡ ਵਿਚ ਕੁਝ ਕੁ ਕੋਠੇ ਛੱਤੇ ਗਏ। ਕੁਦਰਤ ਦੀ ਗੋਦੀ ਵਿਚ ਇਥੇ, ਸਿੱਧੇ-ਸਾਦੇ ਸ਼ਰਧਾਲੂ, ਮਿਹਨਤੀ ਤੇ ਕਿਰਤੀ ਸਿੱਖ ਆ ਵੱਸੇ, ਜੋ ਕਿ ਸਤਿਗੁਰੂ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ ਤੇ ਸਿਮਰਨ ਦਾ ਸਮਾਂ ਬਤੀਤ ਕਰਨ ਲਗੇ।

ਉਦੋਂ ਸ਼ਾਇਦ ਸਿੱਖਾਂ ਨੂੰ ਚਿੱਤ ਚੇਤੇ ਵੀ ਨਹੀਂ ਹੋਣਾ ਕਿ ਇਹ ਪਿੰਡ ਕਦੇ ਇਕ ਵੱਡਾ ਸ਼ਹਿਰ ਬਣ ਜਾਏਗਾ- ਸਿੱਖੀ ਦਾ ਕੇਂਦਰ ਹੀ ਨਹੀਂ ਸਗੋਂ ਵਪਾਰ ਦੀ ਬੜੀ ਭਾਰੀ ਮੰਡੀ ਵੀ। ਅੱਜ ਕਲ੍ਹ ਭਾਰਤੀ ਪੰਜਾਬ ਦਾ ਇਹ ਵੱਡਾ ਸ਼ਹਿਰ ਹੈ, ਸਿੱਖ ਰਾਜ ਦੇ ਸਮੇਂ ਅੰਮ੍ਰਿਤਸਰ ਦੀ ਵਸੋਂ ਲਾਹੌਰ ਤੋਂ ਭੀ ਜ਼ਿਆਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਸ਼ਹਿਰ ਦਾ ਵਪਾਰ ਰੂਸ ਨਾਲ ਸਿੱਧੇ ਤੌਰ ਤੇ ਕਾਇਮ ਹੋ ਚੁਕਾ ਸੀ। ਵਪਾਰ ਦੀ ਹੁਣ ਇਹ ਇਤਨੀ ਵੱਡੀ ਮਾਰਕੀਟ ਹੈ ਕਿ ਦਿੱਲੀ ਤੋਂ ਬਾਅਦ ਇਥੇ ਸਭ ਤੋਂ ਵਧ ਬੈਂਕ ਹਨ ਤੇ ਬੈਂਕਾਂ ਦੁਆਰਾ ਲੈਣ ਦੇਣ ਹੈ।

ਮਹਿਮਾ ਪਰਕਾਸ਼ ਵਿਚ ਲਿਖਿਆ ਹੈ ਕਿ ਸਰੋਵਰ ਦੀ ਖੁਦਾਈ ਗੁਰੂ ਅਮਰਦਾਸ ਜੀ ਨੇ ਆਪ ਕਰਵਾਈ। ਇਹ ਗੱਲ ਠੀਕ ਨਹੀਂ ਹੈ। ਹਾਂ ਸਰੋਵਰ ਦੀ ਖੁਦਾਈ ਦਾ ਕੰਮ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਜ਼ਰੂਰ ਹੋਇਆ। ਤੀਜੇ ਗੁਰੂ ਜੀ ਦੇ ਸਮੇਂ ਇਕ ਸਾਲ ਦੇ ਲਗਭਗ ਕੰਮ ਹੋਇਆ। ਪਰ ਜਦ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾ ਗਏ ਤਾਂ ਤਿਨ ਚਾਰ ਸਾਲ ਲਈ ਕੰਮ ਬੰਦ ਰਿਹਾ। ਮੁੜ ਇਹ ਕਾਰਜ ਗੁਰੂ ਰਾਮਦਾਸ ਜੀ ਨੇ ਸ਼ੁਰੂ ਕਰਵਾ ਕੇ ਸੰਪੂਰਨ ਕਰਵਾਇਆ, ਇਸ ਗੱਲ ਦੀ ਗਵਾਹੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਮਿਲਦੀ ਹੈ :

"ਪੂਰਨ ਤਾਲ ਖਟਾਇਆ ਰਾਮਦਾਸ ਸਤਿਗੁਰੂ ਕਹਾਵੇ।"

ਚੌਥੇ ਸਤਿਗੁਰੂ ਜੀ ਨੇ 'ਪੂਰਨ ਤਾਲ' ਖਟਵਾ ਲਿਆ ਸੀ। ਪੰਜਵੇਂ ਸਤਿਗੁਰਾਂ ਨੇ ਸਰੋਵਰ ਨੂੰ ਪੱਕਿਆਂ ਕਰਵਾਇਆ ਸੀ।

ਅੰਮ੍ਰਿਤ-ਸਰੋਵਰ ਦੀ ਖੁਦਾਈ ਦਾ ਕੰਮ ਗੁਰੂ ਰਾਮਦਾਸ ਜੀ ਦੇ ਸਮੇਂ ਦੂਜੀ ਵੇਰ, ੧੫੭੭ ਈ: ਤੋਂ ੧੫੮੧ ਈ: ਤੱਕ ਕੋਈ ਚਾਰ ਪੰਜ ਸਾਲ ਹੋਇਆ। ਇਕ ਪਾਸੇ ਤਾਂ ਚੱਕ ਗੁਰੂ ਅਬਾਦ ਹੋ ਰਿਹਾ ਸੀ ਤੇ ਦੂਜੇ ਪਾਸੇ ਸਰੋਵਰ ਖਟਿਆ ਜਾ ਰਿਹਾ ਸੀ। ਲਾਹੌਰ ਦੇ ਕੁਝ ਕੁ ਸੋਢੀ ਖੱਤਰੀ, ਜਿਨ੍ਹਾਂ ਨੂੰ ਕਿ ਉਸ ਵੇਲੇ ਦੇ ਸੂਬੇ ਨੇ ਉਜਾੜ ਦਿਤਾ ਸੀ, ਵੀ ਇਥੇ ਆ ਕੇ ਆਬਾਦ ਹੋ ਗਏ।

ਇਹ ਥਾਂ ਜਿਥੇ ਸਰੋਵਰ ਬਣਿਆ ਤੇ ਗੁਰੂ ਕੇ ਮਹਿਲ ਅਬਾਦ ਹੋਏ, ਸੁਲਤਾਨਵਿੰਡ ਦੀ ਜੂਹ ਸੀ, ਤੇ ਝਗੜੇ ਵਿਚ ਫਸੀ ਹੋਈ ਜਗ੍ਹਾ ਸੀ। ਇਥੇ ਧਰਮ-ਕੇਂਦਰ ਬਣਨ ਨਾਲ ਜਗ੍ਹਾ ਦੀ ਭੀ ਮੁਕਤੀ ਹੋ ਗਈ। ਆਪੋ ਦੇ ਝਗੜੇ ਵਿਚੋਂ ਨਿਕਲ ਕੇ ਇਕ ਮਹਾਨ ਆਤਮਕ, ਵਿਵਹਾਰਕ ਤੇ ਸਮਾਜਕ ਖੇਤਰ ਵਿਚ ਪਰਸਿੱਧ ਅਸਥਾਨ ਹੋ ਗਿਆ।

**ਗੁਰੂ ਰਾਮਦਾਸ ਜੀ ਤੇ ਲੰਗਰ ਦੀ ਸੇਵਾ :-**

ਗੁਰੂ ਰਾਮਦਾਸ ਜੀ ਭਾਈ ਜੇਠਾ ਦੇ ਰੂਪ ਵਿਚ


www.AKJ.Org

ਸਿੱਖ ਸੇਵਕਾਂ ਅਤੇ ਮਿਹਨਤ ਮੁਸ਼ੱਕਤ ਕਰਨ ਵਾਲਿਆਂ ਕਾਮਿਆਂ, ਮਜ਼ਦੂਰਾਂ ਤੇ ਸ਼ਰਧਾਲੂਆਂ ਵਿਚ ਲੰਗਰ ਵਰਤਾਂਦੇ ਸਨ। ਭਾਈ ਜੇਠਾ ਕਦੇ ਗੋਇੰਦਵਾਲ ਵਿਖੇ ਲੰਗਰ ਵਿਚ ਪ੍ਰਸ਼ਾਦ ਤਿਆਰ ਕਰਨ ਵਿਚ ਕਈ ਪਰਕਾਰ ਦਾ ਹਿੱਸਾ ਪਾਂਦੇ ਰਹੇ ਸਨ। ਉਥੇ ਲੰਗਰ ਲਈ ਕਈ ਵਰ੍ਹੇ ਬਾਲਣ ਤੇ ਪਾਣੀ ਆਦਿ ਢੋਣ ਤੇ ਸੰਗਤ ਨੂੰ ਪ੍ਰਸ਼ਾਦ-ਪਾਣੀ ਛਕਾਣ ਦੀ ਸੇਵਾ ਕਰਨੀ ਆਪ ਦਾ ਕੰਮ ਬਣ ਗਿਆ ਸੀ। ਜੂਠੇ ਭਾਂਡੇ ਮਾਂਜਣ ਤੇ ਪੱਤਲਾਂ ਚੁਕਣ ਵਿਚ ਆਪ ਨੂੰ ਅਨੰਦ ਆਂਦਾ ਸੀ।

ਭਾਵੇਂ ਭਾਈ ਜੇਠਾ ਜੀ ਵੱਧ ਤੋਂ ਵੱਧ ਸਮਾਂ ਸੰਗਤ ਤੇ ਪੰਗਤ ਦੀ ਸੇਵਾ ਵਿਚ ਬਤੀਤ ਕਰਦੇ, ਪਰ ਆਪਣੀ ਉਪ-ਜੀਵਕਾ ਲਈ ਉਬਾਲੇ ਹੋਏ ਛੋਲਿਆਂ ਦੀਆਂ ਘੁੰਘਣੀਆਂ ਆਦਿ ਵੇਚ ਕੇ ਗੁਜ਼ਾਰਾ ਕਰਦੇ। ਕੁਝ ਕੁ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਭਾਈ ਜੇਠਾ ਜੀ ਆਪਣੀ ਆਮਦਨੀ ਦਾ ਚੋਖਾ ਹਿੱਸਾ ਧਰਮ ਨਮਿੱਤ ਦੇ ਦਿੰਦੇ ਸਨ।

ਚੱਕ ਗੁਰੂ ਵਿਖੇ ਜਦ ਸ੍ਰੀ ਗੁਰੂ ਰਾਮਦਾਸ ਜੀ ਨੇ ਆ ਕੇ ਨਿਵਾਸ ਕਰ ਲਿਆ ਤਾਂ ਉਨ੍ਹਾਂ ਇਥੇ ਬਾਕਾਇਦਾ ਲੰਗਰ ਜਾਰੀ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਓਸ ਬੇਰ ਹੇਠ, ਜੋ ਕਿ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਕਾਇਮ ਹੈ ਤੇ 'ਬਾਬਾ ਬੁੱਢਾ ਜੀ ਦੀ ਬੇਰ' ਕਰਕੇ ਪਰਸਿੱਧ ਹੈ, ਗੁਰੂ ਕਾ ਲੰਗਰ ਉਹਨਾਂ ਸਿੱਖਾਂ ਸੇਵਕਾਂ ਵਿਚ ਵਰਤਾਂਦੇ, ਜੋ ਕਿ ਅੰਮ੍ਰਿਤ-ਸਰ (ਸਰੋਵਰ) ਦੀ ਖੁਦਾਈ ਦੀ ਸੇਵਾ ਕਰਦੇ ਸਨ।

ਗੁਰੂ ਕੇ ਲੰਗਰ ਵਿਖੇ ਕੇਵਲ ਸੇਵਕਾਂ ਨੂੰ ਹੀ ਨਹੀਂ, ਸਗੋਂ ਅਭਿਆਗਤਾਂ ਤੇ ਲੋੜਵੰਦਾਂ ਨੂੰ ਭੀ ਬਗ਼ੈਰ ਕਿਸੇ ਧਰਮ ਤੇ ਜ਼ਾਤ ਦੇ ਵਿਤਕਰੇ ਦੇ ਖਾਣਾ ਆਦਿ ਮਿਲਦਾ ਸੀ। ਲੰਗਰ ਹਰ ਵੇਲੇ ਜਾਰੀ ਰਹਿਣ ਦੇ ਕਾਰਨ ਇਥੋਂ ਦੀ ਅਬਾਦੀ ਦਿਨੋ-ਦਿਨ ਵਧਦੀ ਜਾਂਦੀ ਸੀ, ਅਤੇ ਆਈਆਂ ਸੰਗਤਾਂ ਦੀ ਗਿਣਤੀ ਵੀ ਬਹੁਤ ਰਹਿੰਦੀ ਸੀ।

ਅੰਮ੍ਰਿਤ ਸਰੋਵਰ ਦੀ ਖੁਦਾਈ ਵਿਚ ਕਈ ਸਿੱਖ ਤਾਂ ਸੇਵਾ-ਭਾਵ ਨਾਲ ਕੰਮ ਕਰਦੇ ਸਨ, ਪਰ ਕਈ ਦਿਹਾੜੀ-ਦਾਰਾਂ ਨੂੰ ਨਿੱਤ ਦੀ ਮਜੂਰੀ ਵੀ ਦਿੱਤੀ ਜਾਂਦੀ ਸੀ। ਏਸ ਕੰਮ ਲਈ ਤੇ ਸਤਿਗੁਰਾਂ ਦੇ ਬਾਕਾਇਦਾ ਚਲ ਰਹੇ ਲੰਗਰ ਵਾਸਤੇ ਹਰ ਰੋਜ਼ ਸੈਂਕੜੇ ਰੁਪਏ ਖ਼ਰਚ ਹੋ ਜਾਂਦੇ ਸਨ। ਰਾਮਦਾਸਪੁਰ ਤਾਂ ਅਜੇ ਇਕ ਪਿੰਡ ਹੀ ਸੀ। ਵਧੇਰੇ ਵੱਸੋਂ ਨਾ ਹੋਣ ਕਰਕੇ ਜ਼ਿਆਦਾ ਆਮਦਨ ਚੜ੍ਹਾਵੇ ਤੇ ਹੀ ਨਿਰਭਰ ਸੀ। ਕਈ ਵੇਰ ਚੜ੍ਹਾਵਾ ਚੋਖਾ ਆ ਜਾਂਦਾ, ਪਰ ਜਦ ਵਾਹੀ ਦੇ ਮੌਸਮ ਵਿਚ ਜਾਂ ਸਖ਼ਤ ਗਰਮੀ ਸਰਦੀ ਦੀ ਰੁੱਤੇ ਸੰਗਤਾਂ ਘੱਟ ਗਿਣਤੀ ਆਉਂਦੀਆਂ ਤਾਂ ਚੜ੍ਹਾਵਾ ਵੀ ਘੱਟ ਹੀ ਹੁੰਦਾ। ਇਸ ਕਾਰਨ ਸਰੋਵਰ ਦੀ ਖੁਦਾਈ ਆਦਿ ਲਈ ਜੋ ਮਜ਼ਦੂਰ ਲੱਗੇ ਹੋਏ ਸਨ, ਉਨ੍ਹਾਂ ਨੂੰ ਦਿਹਾੜੀ ਦੀ ਉਜਰਤ ਦੇਣ ਲਈ ਤੇ ਗੁਰੂ ਕੇ ਲੰਗਰ ਨੂੰ ਚਲਦਿਆਂ ਰੱਖਣ ਲਈ ਕਦੇ ਕਦੇ ਮਾਇਆ ਦੀ ਥੁੜ ਪਰਤੀਤ ਹੁੰਦੀ। ਇਕ ਵੇਰ ਬਾਬਾ ਬੁੱਢਾ ਜੀ ਤੇ ਹੋਰ ਸਿੱਖ ਸੇਵਕਾਂ ਨੇ ਸ੍ਰੀ ਰਾਮਦਾਸ ਜੀ ਨੂੰ ਬੇਨਤੀ ਕੀਤੀ ਕਿ ਸੰਗਤਾਂ ਵਧੇਰੇ ਆਉਣ ਕਰਕੇ ਲੰਗਰ ਆਦਿ ਦੇ ਪਰਬੰਧ ਲਈ ਵਧੇਰੇ ਮਾਇਆ ਦੀ ਲੋੜ ਹੋਵੇਗੀ। ਸਤਿਗੁਰੂ ਜੀ ਨੇ ਵਿਚਾਰ ਕਰਨ ਮਗਰੋਂ ਇਹ ਫ਼ੈਸਲਾ ਕੀਤਾ ਕਿ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੇ ਪਰਚਾਰ ਲਈ ਅਤੇ ਲੰਗਰ ਆਦਿ ਦੇ ਖ਼ਰਚਾਂ ਲਈ ਦਸਵੰਧ ਉਗਰਾਹੁਣ ਖ਼ਾਤਰ ਮਸੰਦ ਥਾਪੇ ਜਾਣ।

ਜਿਥੇ ਸਤਿਗੁਰੂ ਜੀ ਨੇ ਆਪਣਾ ਨਿੱਜੀ ਰਿਹਾਇਸ਼ੀ ਅਸਥਾਨ ਬਣਾਇਆ ਸੀ ਇਥੇ ਮਗਰੋਂ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਰਹਿੰਦੇ ਰਹੇ ਅਤੇ ਜਿਥੇ ਹੁਣ 'ਗੁਰਦੁਆਰਾ ਗੁਰੂ ਕੇ ਮਹਿਲ' ਕਾਇਮ ਹੈ ਇਥੇ ਸਤਿਗੁਰਾਂ ਦਾ ਆਪਣਾ ਲੰਗਰ ਸੀ। ਸਤਿਗੁਰ ਜੀ ਨਿੱਤ ਸੰਗਤਾਂ ਨੂੰ ਦਰਸ਼ਨ ਦੇਣ ਲਈ, ਅੰਮ੍ਰਿਤ-ਸਰੋਵਰ ਦੀ ਕਾਰ ਸੇਵਾ ਦੇਖਣ ਲਈ ਅਤੇ ਕਈ ਵੇਰ ਆਪ ਸੇਵਾ ਕਰਨ ਲਈ ਆਉਂਦੇ। ਸੰਗਤਾਂ ਵਿਚੋਂ ਨਿਤ ਸੈਂਕੜੇ ਸ਼ਰਧਾਲੂ ਸਤਿਗੁਰਾਂ ਦੇ ਮਹਿਲੀਂ ਵੀ ਆਂਦੇ ਰਹਿੰਦੇ ਸਨ। ਇਥੇ ਬੀਬੀ ਭਾਨੀ ਜੀ ਵਲੋਂ ਲੰਗਰ ਦੀ ਸੇਵਾ ਹੁੰਦੀ।

ਜਦ ਸਹਿਜੇ ਸਹਿਜੇ ਅੰਮ੍ਰਿਤ-ਸਰੋਵਰ ਦੇ ਗਿਰਦ ਇਕ ਬਾਕਾਇਦਾ ਨਗਰੀ ਵਸ ਗਈ ਤਾਂ ਸਤਿਗੁਰਾਂ ਨੇ ਆਪਣੇ ਘਰ ਤੇ ਨਿੱਜੀ ਲੰਗਰ ਲਈ ਅੰਨ ਪਾਣੀ ਆਦਿ ਦਾ ਇੰਤਜ਼ਾਮ ਆਪਣੇ ਵੱਡੇ ਬੇਟੇ ਪ੍ਰਿਥੀ ਚੰਦ ਦੇ ਸਪੁਰਦ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਉਹਨਾਂ ਦੀ ਨਿਗਰਾਨੀ ਕਰਨ ਲਈ ਆਗਿਆ ਕੀਤੀ ਗਈ।

ਸ੍ਰੀ ਗੁਰੂ ਰਾਮਦਾਸ ਜੀ ਦਾ ਖ਼ਾਸ ਹੁਕਮ ਸੀ ਕਿ ਸੇਵਾ ਲਈ ਹਮੇਸ਼ਾ ਤਤਪੱਰ-ਰਹੋ। ਆਏ ਗਏ ਮੁਸਾਫ਼ਰ, ਯਾਤਰੂ ਤੇ ਅਭਿਆਗਤ ਦੀ ਸੇਵਾ ਕਰੋ ਤੇ ਲੰਗਰ ਪਾਣੀ ਪੁੱਛ ਕੇ ਦਾਤੇ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ, ਆਪ ਦੇ ਸਮੇਂ ਕਿਵੇਂ ਸਿੱਖ ਸੰਗਤਾਂ ਜਲ-ਪਾਣੀ ਵਰਤਾ ਕੇ, ਪੱਖਾ ਝੱਲ ਕੇ, ਥੱਕੇ-ਟੁੱਟੇ ਮੁਸਾਫ਼ਰਾਂ ਦੀ ਮੁੱਠੀ-ਚਾਪੀ ਕਰ ਕੇ


www.AKJ.Org

ਪ੍ਰਸ਼ਾਦ ਆਦਿ ਛਕਾ ਕੇ ਇਕ ਦੂਜੇ ਦੀ ਸੇਵਾ ਕਰਨ ਲਗ ਪਈਆਂ ਅਤੇ ਰਾਮਦਾਸ ਜੀ ਦੇ ਸਮੇਂ ਕਿਵੇਂ ਗ਼ਰੀਬਾਂ ਤੇ ਅਨਾਥਾਂ ਦੀ ਸਹਾਇਤਾ ਕੀਤੀ ਜਾਂਦੀ ਰਹੀ, ਇਹ ਸਤਿਗੁਰੂ ਦੀਆਂ ਕਈ ਸਾਖੀਆਂਤੋਂ ਸਪੱਸ਼ਟ ਹੈ।

ਇਕ ਦਿਨ ਸ੍ਰੀ ਗੁਰੂ ਰਾਮਦਾਸ ਜੀ ਆਪ ਲੰਗਰ ਵਿਚ ਚਲੇ ਗਏ। ਆਪ ਨੇ ਉਥੇ ਕੁਝ ਸਿੱਖਾਂ ਨੂੰ ਸੇਵਾ ਕਰਦਿਆਂ ਦੇਖਿਆ। ਉਹਨਾਂ ਵਿਚੋਂ ਇਕ ਸਿੱਧਾ-ਸਾਦਾ ਸਿਖ ਸੀ, ਜਿਸ ਦਾ ਨਾਮ ਸੀ ਭਾਈ ਹੰਦਾਲ। ਉਸ ਦੇ ਹੱਥ ਆਟੇ ਨਾਲ ਲਿਬੜੇ ਹੋਏ ਸਨ, ਇਸ ਲਈ ਹੱਥ ਪਿਛੇ ਕਰ ਕੇ ਗੋਡਿਆਂ ਭਾਰ ਹੋ ਕੇ ਉਹ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ।

ਸਤਿਗੁਰੂ ਜੀ ਉਸ ਦੀ ਨਿਸਕਾਮ ਸੇਵਾ, ਸੱਚੀ ਭਗਤੀ ਤੇ ਨਿਮਰ ਭਾਵ ਤੇ ਬਹੁਤ ਪਰਸੰਨ ਹੋਏ। ਖੇੜੇ ਵਿਚ ਆ ਕੇ ਸਤਿਗੁਰਾਂ ਨੇ ਫ਼ੁਰਮਾਇਆ :- ਹੰਦਾਲ ! ਤੂੰ ਮੇਰੇ ਚਿਤ ਨੂੰ ਬਹੁਤ ਪ੍ਰਸੰਨ ਕੀਤਾ ਹੈ। ਤੂੰ ਨਿਤ ਸੇਵਾ ਤੇ ਭਗਤੀ ਵਿਚ ਮਸਤ ਰਿਹਾ ਹੈ ਅਤੇ ਹੁਣ ਨਵੇਂ ਹੀ ਢੰਗ ਨਾਲ ਡੰਡਉਤ ਕਰ ਕੇ ਦਿਖਾਈ ਹੈ। ਤੇਰੀ ਸੇਵਾ ਤੇ ਘਾਲ ਥਾਇ ਪਈ ਹੈ।' ਇੰਜ ਕਹਿ ਕੇ ਸਤਿਗੁਰਾਂ ਨੇ ਭਾਈ ਹੰਦਾਲ ਨੂੰ ਸਿਰੋਪਾ ਬਖ਼ਸ਼ਿਆ, ਜੀਵਨ-ਮੁਕਤ ਕਰ ਦਿੱਤਾ ਤੇ ਪਰਚਾਰਕ ਥਾਪਿਆ।

ਇਕ ਵਾਰ ਸੱਤ ਸਿੱਖ ਗੁਰੂ ਜੀ ਦੇ ਦਰਬਾਰ ਵਿਚ ਆਏ ਸਨ : ਧਰਮਦਾਸ, ਡੂਗਰ ਦਾਸ, ਦੀਪਾ, ਜੇਠਾ, ਸੰਸਾਰੀ, ਬੂਲਾ ਤੇ ਤੀਰਥ। ਇਨ੍ਹਾਂ ਸਤਿਗੁਰੂ ਜੀ ਅਗੇ ਬੇਨਤੀ ਕੀਤੀ : "ਸੱਚੇ ਪਾਤਸ਼ਾਹ ! ਸਾਨੂੰ ਜੀਵਨ ਸਫ਼ਲ ਕਰਨ ਦਾ ਮਾਰਗ ਦਰਸਾਓ।"

ਸਤਿਗੁਰੂ ਜੀ ਨੇ ਮਿਹਰ ਦੀ ਨਿਗਾਹ ਕੀਤੀ ਤੇ ਫਿਰ ਫ਼ੁਰਮਾਇਆ : "ਮਾਣ ਦਾ ਤਿਆਗ ਕਰ ਕੇ ਨਿਰਮਾਣਤਾ ਧਾਰਨ ਕਰੋ, ਪੁੰਨ ਗ੍ਰਹਿਣ ਕਰੋ ਤੇ ਪਾਪਾਂ ਦਾ ਤਿਆਗ ਕਰੋ। ਆਪਣੀ ਸਮਰਥਾ ਅਨੁਸਾਰ ਸਿੱਖਾਂ ਦੀ ਸੇਵਾ ਕਰੋ। ਲੋੜਵੰਦ ਤੁਹਾਡੇ ਗ੍ਰਹਿ ਵਿਖੇ ਆਉਣ ਤਾਂ ਉਹਨਾਂ ਨੂੰ ਪ੍ਰਸ਼ਾਦ ਪਾਣੀ ਤੋਂ ਛੁੱਟ ਕਪੜਾ-ਲੱਤਾ ਵੀ ਦੇ ਕੇ ਤੋਰੋ।..... ਤੇ ਇੰਜ ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।"

ਸ੍ਰੀ ਗੁਰੂ ਰਾਮਦਾਸ ਜੀ ਦਾ ਬਚਨ ਹੈ ਕਿ ਜਿਨ੍ਹਾਂ ਨੂੰ ਸੱਚ ਦੀ ਸੋਝੀ ਪਰਾਪਤ ਹੋਈ ਹੈ ਉਹਨਾਂ ਕੋਲ ਕਦੇ ਨਾ-ਮੁੱਕਣ ਵਾਲਾ ਖ਼ਜ਼ਾਨਾ ਹੈ। ਜੋ ਪਰਮਾਤਮਾ ਦੀ ਦਯਾ ਵਿਚ ਰਹਿ ਕੇ ਖਾਂਦੇ ਹਨ ਉਹਨਾਂ ਦਾ ਖਾਣਾ ਤਾਂ ਸਫਲ ਹੈ, ਪਰ ਜੋ ਉਸ ਨੂੰ ਵਿਸਾਰ ਦੇਂਦੇ ਹਨ ਉਹ ਹੱਥ ਟੱਡ ਕੇ ਮੰਗਦੇ ਫਿਰਦੇ ਹਨ :-

ਇਕਨਾ ਸਚੁ ਬੁਝਾਇਓਨੁ
ਤਿਨਾ ਅਤੁਟ ਭੰਡਾਰ ਦੇਵਾਇਆ।।
ਹਰਿ ਚੇਤਿ ਖਾਹਿ ਤਿਨਾ ਸਫਲੁ ਹੈ
ਅਚੇਤਾ ਹਥ ਤਡਾਇਆ।।

(ਸਿਰੀ ਰਾਗ ਕੀ ਵਾਰ ਮਹਲਾ ੪,੮੫)

ਬਿਹਾਗੜੇ ਕੀ ਵਾਰ ਵਿਚ ਗੁਰੂ ਰਾਮਦਾਸ ਜੀ ਦੀ ਇਕ ਪਉੜੀ ਹੈ ਜਿਸ ਨੂੰ ਕਈ ਵਾਰੀ ਲੰਗਰ ਵਰਤਾਣ ਮਗਰੋਂ ਪੜ੍ਹਿਆ ਜਾਂਦਾ ਹੈ। ਕਈ ਵਾਰੀ ਸਿਖ ਸੰਗਤਾਂ ਪੰਗਤਾਂ ਦੇ ਰੂਪ ਵਿਚ ਬੈਠੀਆਂ ਹੋਈਆਂ ਰਲ ਕੇ ਵੀ ਇਸ ਪਉੜੀ ਦਾ ਗਾਇਨ ਕਰਦੀਆਂ ਹਨ :

ਆਪੇ ਧਰਤੀ ਆਪੇ ਹੈ ਰਾਹਕੁ, ਜੰਮਾਇ ਪੀਸਾਵੈ।।
ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ,
ਆਪੇਹੀ ਬਹਿ ਖਾਵੈ।।
ਆਪੇ ਜਲੁ ਆਪੇ ਦੇ ਛਿੰਗਾ,
ਆਪੇ ਚੁਲੀ ਭਰਾਵੈ।।
ਆਪੇ ਸੰਗਤਿ ਸਦਿ ਬਹਾਲੈ,
ਆਪੇ ਵਿਦਾ ਕਰਾਵੈ।।
ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ,
ਤਿਸ ਨੋ ਹੁਕਮੁ ਮਨਾਵੈ।।

(ਬਿਹਾਗੜੇ ਕੀ ਵਾਰ ਮਹਲਾ ੪, ੫੫੦)

**ਅੰਤਮ ਸੰਦੇਸ਼ :-**

ਗੁਰੂ ਰਾਮਦਾਸ ਜੀ ੧੫੭੪ ਈ: ਤੋਂ ੧੫੮੧ ਈ: ਤੱਕ ਗੁਰੂ ਰੂਪ ਹੋ, ਸ੍ਰੀ ਅੰਮ੍ਰਿਤਸਰ ਵਿਖੇ ਵਿਚਰੇ। ਅੰਮ੍ਰਿਤ-ਸਰੋਵਰ ਦੀ ਖੁਦਵਾਈ ਦਾ ਕੰਮ ਆਪ ਨੇ ਦੂਜੀ ਵੇਰ ੧੫੫੭ ਈ: ਮੁੜ ਸ਼ੁਰੂ ਕਰਾਇਆ ਤਾਂ ਬਹੁਤ ਸਾਰੇ ਸਿੱਖ ਸੇਵਕ ਇਕੱਠੇ ਕੀਤੇ। ਤਾਲ ਦੀ ਖੁਦਾਈ ਬਹੁਤ ਸਰਗਰਮੀ ਨਾਲ ਹੋਣ ਲੱਗੀ। ਗੁਰੂ ਜੀ ਜਦ ਕੰਮ ਕਰਦੇ ਜਾਂ ਕਰਾਂਉਂਦੇ ਤਾਂ ਇਕ ਬੇਰੀ ਹੇਠ ਬੈਠਿਆ ਕਰਦੇ ਸਨ। ਉਹ ਇਲੈਚੀ ਬੇਰ ਦੇ ਨਾਮ ਨਾਲ ਪਰਸਿੱਧ ਹੈ, ਕਿਉਂਕਿ ਇਸ ਨੂੰ ਛੋਟੀ ਇਲੈਚੀ ਜਿਡੇ ਨਿੱਕੇ ਨਿੱਕੇ ਬੇਰ ਲਗਦੇ ਹਨ। ਉਸ ਬੇਰੀ ਹੇਠ ਦਰਸ਼ਨੀ ਦਰਵਾਜ਼ੇ ਦੇ ਕੋਲ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਖੇ ਆਪ ਦੀ ਯਾਦ ਵਿਚ ਹੁਣ ਛੋਟਾ ਜਿਹਾ ਗੁਰਦੁਆਰਾ ਹੈ।

ਜਦ 'ਤਾਲ' , 'ਤੀਰਥ' ਬਣ ਚੁਕਾ ਤੇ 'ਨਗਰ' ਘੁੱਗ ਵੱਸ ਗਿਆ ਤਾਂ ਸਤਿਗੁਰੂ ਜੀ ਨੇ ਇਸ ਪਾਸਿਓਂ ਨਿਸਚਿੰਤ ਤੇ ਸੰਤੁਸ਼ਟ ਹੋ ਕੇ ਅਕਾਲ ਪੁਰਖ ਦਾ ਸ਼ੁਕਰਾਨਾ


www.AKJ.Org

ਕੀਤਾ ਕਿ ਤੀਜੇ ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਸੇਵਾ ਸੰਪੂਰਨ ਹੋਈ ਹੈ। ਅੰਤ ਸਮਾਂ ਨੇੜੇ ਆਉਂਦਾ ਦੇਖ ਕੇ ਆਪ ਨੇ ਗੋਇੰਦਵਾਲ ਜਾਣ ਦੀ ਤਿਆਰੀ ਕੀਤੀ। ਨਗਰ-ਨਿਵਾਸੀ ਖੱਤ੍ਰੀਆਂ ਨੂੰ ਸੱਦ ਕੇ, ਆਪਣਾ ਇਰਾਦਾ ਦੱਸਿਆ ਤੇ ਫ਼ੁਰਮਾਇਆ :-

"ਇਹ ਤੀਰਥ ਤੁਹਾਡੇ ਹਵਾਲੇ ਅਸਾਂ ਕਰਿਆ।
ਤੁਸੀਂ ਹੋ ਅਸਾਡੇ, ਅਸਾਂ ਤੁਸਾਂ ਨੂੰ ਆਂਦਾ ਆਪਿ।
ਤੀਰਥ ਹਵਾਲੇ ਤੁਸਾਡੇ,
ਇਥੇ ਕੋਈ ਬਹਾਓ ਥਾਪਿ।।੨੨।।
ਖੱਤ੍ਰੀਆਂ ਰਲ ਕੇ ਇਹ ਬਿਨਤੀ ਉਚਾਰੀ -
ਗਰੀਬ ਨਿਵਾਜ ! ਅਸੀਂ ਹਾਂ ਖੱਤ੍ਰੀ,
ਨਹੀਂ ਪੂਜਾ ਦੇ ਅਧਿਕਾਰੀ।
ਕ੍ਰਿਪਾ ਕਰ ਕੇ ਏਥੇ ਕੋਈ ਆਪਿ ਬਹਾਈਐ।
... ... .... ..... .... .... .... ... ...
ਕਿਰਤਿ ਬਰਕਤਿ ਅਸਾਨੂੰ ਦੇਉ,... .... ....
ਬਚਨ ਕੀਤਾ : "ਚਾਊਕਾ ਪਾਇ ਹੱਟੀ ਬਹੋ।
ਜੋ ਚਾਹੋ, ਸੋ ਸਤਿਗੁਰੂ ਤੇ ਲਹੋ" ।।੨੪।।

ਇਉਂ ਨਗਰ-ਨਿਵਾਸਿਆਂ ਨੂੰ ਸੰਤੋਖ ਦੇ ਕੇ ਤਾਲ ਤੀਰਥ ਦੀ ਸੇਵਾ-ਸੰਭਾਲ ਦੀ ਜ਼ਿਮੇਵਾਰੀ ਦੇ ਕੇ ਸਤਿਗੁਰੂ ਜੀ ਸ੍ਰੀ ਅਰਜਨ ਦੇਵ ਤੇ ਸਿੱਖ ਮੁਖੀਆਂ ਨੂੰ ਨਾਲ ਲੈ ਕੇ ਚੱਕੋਂ ਵਿਦਾ ਹੋ ਗੋਇੰਦਵਾਲ ਚਲੇ ਗਏ।

ਅਗਲੇ ਹੀ, ਦਿਨ, ਸੰਗਤ ਦੇ ਸਾਹਮਣੇ, ਸ੍ਰੀ ਅਰਜਨ ਦੇਵ ਜੀ ਨੂੰ ਗੁਰੂ-ਘਰ ਦੀ ਸਾਰੀ ਮਰਯਾਦਾ ਦੱਸ ਕੇ ਸਿਖਿਆ-ਦੀਖੀਆ ਦ੍ਰਿੜ੍ਹ ਕਰਵਾ ਕੇ ਆਪਣੀ ਥਾਂ ਤੇ ਗੁਰੂ-ਗੱਦੀ ਤੇ ਬਹਾ ਦਿੱਤਾ, ਸੀਸ ਨਿਵਾਇਆ ਤੇ ਸੰਮਤ ਸੋਲ੍ਹਾਂ ਸੈ ਅਠੱਤੀ ਬਿਕ੍ਰਮੀ ਮਿਤੀ ਭਾਦਰੋਂ ਸੁਦੀ ਤੀਜ- ੨ ਅੱਸੂ (੧ ਸਤੰਬਰ ੧੫੮੧) ਸ਼ੁਕਰਵਾਰ ਨੂੰ ਜੋਤੀ ਜੋਤਿ ਸਮਾ ਗਏ।

**ਸਿੱਖਾਂ ਦੇ ਉਜਾਗਰ ਭਵਿੱਖ ਦੀ ਨੀਂਹ :-**

ਡਾਕਟਰ ਸੱਯਦ ਮੁਹੰਮਦ ਲਤੀਫ਼ ਨੇ ਅੰਮ੍ਰਿਤਸਰ ਤੇ ਦਰਬਾਰ ਸਾਹਿਬ ਦੀ ਨੀਂਹ ਰੱਖੇ ਜਾਣ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਗੁਰੂ (ਰਾਮਦਾਸ) ਜੀ ਨੇ ਅੰਮ੍ਰਿਤਸਰ ਦੀ ਨੀਂਹ ਇਕ ਕੇਂਦਰੀ ਅਸਥਾਨ ਤੇ ਰੱਖ ਕੇ ਸਿੱਖਾਂ ਦਾ ਭਵਿੱਖ ਬਤੌਰ ਇਕ ਕੌਮ ਦੇ ਉਜਾਗਰ ਕਰਨ ਦੀ ਨੀਂਹ ਰੱਖੀ। ਹੁਣ ਸਿੱਖ ਇਕ ਅਜਿਹੇ ਸਾਂਝੇ ਧਰਮ-ਅਸਥਾਨ ਤੇ ਇਕੱਠੇ ਹੋਣ ਲੱਗ ਪਏ ਜਿਥੇ ਵੱਖ ਵੱਖ ਥਾਵਾਂ ਤੋਂ ਪਹੁੰਚ ਸੌਖੀ ਸੀ ਅਤੇ ਜਿਥੋਂ ਦੀ ਧਰਤੀ ਵੀ ਬੜੀ ਉਪਜਾਊ ਸੀ। ਇਹਨਾਂ ਸ਼ਾਂਤ-ਚਿੱਤ ਹੋ ਕੇ ਨੇਕ ਸੁਭਾਅ ਵਾਲੇ ਸਿੱਖਾਂ ਨੇ ਆਪਣੇ ਆਦਿ ਗੁਰੂ ਦੇ ਪਾਏ ਪੂਰਨਿਆਂ ਤੇ ਚਲਣ ਦਾ ਯਤਨ ਕਰਦੇ ਹੋਏ, ਇਕ ਸਾਂਝੇ ਭਾਈਚਾਰੇ ਦੇ ਪ੍ਰੇਮ ਤੇ ਕੌਮੀ ਸ਼ਕਤੀ ਨੂੰ ਪੱਕਿਆਂ ਕਰਨਾ ਸਿਖਣਾ ਅਰੰਭਿਆ। ਇਸ ਤਰ੍ਹਾਂ ਉਨ੍ਹਾਂ ਨੇ ਸੱਚੇ ਦੇਸ਼-ਪ੍ਰੇਮ ਦੇ ਨੇਮਾਂ ਤੇ ਇਕ ਸਾਂਝਾ ਰਾਜ ਕਾਇਮ ਕਰਨ ਲਈ ਰਸਤਾ ਪੱਧਰਾ ਕਰ ਲਿਆ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ ਤੋਂ ਬਾਅਦ ਪੰਜਵੇਂ ਸਤਿਗੁਰੂ ਜੀ ਨੇ ਹਰਿਮੰਦਰ ਸਾਹਿਬ ਅਤੇ ਛੇਵੇਂ ਸਤਿਗੁਰੂ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ।

ਗੁਰੂ ਸਾਹਿਬਾਂ ਤੋਂ ਲੈ ਕੇ ਹੁਣ ਤਕ ਦਰਬਾਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਨੇ ਬੜੇ ਉਤਾਰ-ਚੜ੍ਹਾ ਵੇਖੇ ਹਨ। ਅਹਿਮਦ ਸ਼ਾਹ ਅਬਦਾਲੀ ਨੇ ਜਦ ੧੭੬੧ ਈ: ਵਿਚ ਇਥੇ ਹਮਲਾ ਕੀਤਾ ਤਾਂ ਦਰਬਾਰ ਸਾਹਿਬ ਤੇ ਸ਼ਹਿਰ ਦਾ ਕਾਫ਼ੀ ਹਿੱਸਾ ਢਾਹ-ਢੇਰੀ ਕਰ ਦਿੱਤਾ। ਪਰ ਜਦ ਸਿੱਖ ਮਿਸਲਾਂ ਨੇ ਮੁੜ ਤਾਕਤ ਫੜੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਲੋਕਾਂ ਨੇ ਸੁਖ ਦਾ ਸਾਹ ਲਿਆ ਤਾਂ ਦਰਬਾਰ ਸਾਹਿਬ ਦੀ ਨਵ-ਉਸਾਰੀ ਤੇ ਸਜਾਵਟ ਵੱਲ ਬਹੁਤਾ ਧਿਆਨ ਦਿੱਤਾ ਗਿਆ। ਓਦੋਂ ਹੀ ਸੋਨੇ, ਗੱਚ, ਟੁਕੜੀ ਤੇ ਸੰਗਮਰਮਰ ਦਾ ਕੰਮ ਹੋਇਆ। ਓਸ ਸਮੇਂ ਤੋਂ ਲੈ ਕੇ ਹੁਣ ਤਕ ਸ੍ਰੀ ਗੁਰੂ ਰਾਮਦਾਸ ਜੀ ਦੀ ਇਹ ਅਮਰ ਯਾਦਗਾਰ ਕਈ ਪ੍ਰਬੰਧਕ-ਹੱਥਾਂ ਵਿਚੋਂ ਲੰਘ ਕੇ ਅਜੋਕੇ ਰੂਪ ਵਿਚ ਆਈ ਹੈ।

**ਸਰਬ ਸਾਂਝੀਵਾਲਤਾ ਦਾ ਚਿੰਨ੍ਹ, ਅੰਮ੍ਰਿਤਸਰ :-**

ਅੰਮ੍ਰਿਤਸਰ ਸਰਬ ਸਾਂਝੀਵਾਲਤਾ ਦਾ ਚਿੰਨ੍ਹ ਹੈ। ਇਕ ਅਜਿਹਾ ਧਰਮ-ਕੇਂਦਰ ਬਣਾ ਕੇ ਜਿਥੇ ਊਚ-ਨੀਚ, ਜਾਤ-ਪਾਤ ਜਾਂ ਧਾਰਮਕ ਵਿਤਕਰੇ ਦਾ ਕੋਈ ਸੁਆਲ ਨਹੀਂ, ਗੁਰੂ ਰਾਮਦਾਸ ਜੀ ਨੇ ਇਕ ਸਾਂਝੀ ਕੌਮੀਅਤ ਦਾ ਆਦਰਸ਼ ਪਰਚਾਰਿਆ। ਸਾਂਝੀ ਕੌਮੀਅਤ ਦੇ ਆਦਰਸ਼ ਨੂੰ ਗੁਰੂ ਅਰਜਨ ਦੇਵ ਜੀ ਨੇ ਹੋਰ ਭੀ ਪੱਕਿਆ ਕਰ ਦਿੱਤਾ, ਜਦ ਕਿ ਉਨ੍ਹਾਂ ਇਕ ਸਾਂਝਾ ਧਰਮ-ਮੰਦਰ- ਹਰਿਮੰਦਰ ਦੇ ਰੂਪ ਵਿਚ-ਰਚ ਕੇ ਉਸ ਵਿਚ ਸਰਬ ਸਾਂਝਾ ਗ੍ਰੰਥ-ਆਦਿ ਗ੍ਰੰਥ ਦੇ ਰੂਪ ਵਿਚ-ਇਕੱਤਰ ਕੀਤੀ ਬਾਣੀ ਦਾ ਪ੍ਰਕਾਸ਼ ਕੀਤਾ। ਗੁਰੂ ਜੀ ਨੇ ਐਸਾ ਧਰਮ-ਮੰਦਰ ਬਣਾਇਆ ਜਿਸ ਦੇ ਚੌਹੀਂ ਪਾਸੀਂ ਚਾਰ ਦਰਵਾਜ਼ੇ ਰੱਖੇ ਗਏ, ਜਿਸ ਦਾ ਪਰੱਤਖ ਭਾਵ ਹੈ ਕਿ ਚੌਹਾਂ ਪਾਸਿਆਂ
ਮੰਦਰ ਬਣਾਇਆ ਜਿਸ ਦੇ ਚੌਹੀਂ ਪਾਸੀਂ ਚਾਰ ਦਰਵਾਜ਼ੇ


www.AKJ.Org

ਹਨ ਇੰਜ ਧਰਮ ਤੇ ਮਜ਼ਬ ਦੇ ਨਾਂ ਤੇ ਵਿਤਕਰੇ ਦੀ ਥਾਂ ਇਥੇ ਧਾਰਮਕ ਮੇਲ-ਮਿਲਾਪ ਤੇ ਪਰਸਪਰ ਪਿਆਰ ਤੇ ਜ਼ੋਰ ਦਿੱਤਾ ਗਿਆ।

ਗੁਰੂ ਕੇ ਚੱਕ ਵਿਚ ਜਿਥੇ ਸਿੱਖਾਂ ਨੇ ਡੇਰੇ ਲਾਏ ,ਉਥੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਭੀ ਵਸਾਇਆ ਗਿਆ। ਗੁਰੂ ਰਾਮਦਾਸ ਜੀ ਨੇ **ਇਥੇ ਮੁਸਲਮਾਨਾਂ ਲਈ ਇਕ ਮਸਜਿਦ ਤੇ ਹਿੰਦੂਆਂ ਵਾਸਤੇ ਇਕ ਮੰਦਰ ਵੀ** ਆਪਣੇ ਖ਼ਰਚ ਤੇ **ਬਣਾਇਆ। ਇਹ ਸੀ ਸਾਂਝੀਵਾਲਤਾ ਤੇ ਭ੍ਰਾਤਰੀ-ਭਾਵ ਦੇ ਉੱਚੇ ਆਦਰਸ਼ ਦੀ ਝਲਕ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਪਰਚਾਰਿਆ ਸੀ।**

**ਹਿੰਦੂ ਧਰਮ-ਅਸਥਾਨਾਂ 'ਤੇ ਨੀਵੀਆਂ ਜਾਤਾਂ ਦੇ ਲੋਕਾਂ** ਨੂੰ ਜਾਣ ਦੀ ਆਗਿਆ ਨਹੀਂ ਸੀ। ਗੁਰੂ ਜੀ ਨੇ ਕੇਵਲ ਨਗਰ ਹੀ ਨਹੀਂ, ਸਰੋਵਰ ਵੀ ਸਭ ਲਈ ਸਾਂਝੇ ਤੌਰ ਤੇ ਬਣਾਇਆ। ਇਥੇ ਹਰ ਧਰਮ ਤੇ ਹਰ ਜ਼ਾਤ ਦੇ ਲੋਕਾਂ ਨੂੰ ਚੁੱਭੀ ਲਾਣ ਦੀ ਖੁਲ੍ਹ ਸੀ। ਜਦ ਸਰੋਵਰ ਦੀ ਖੁਦਾਈ ਹੋਈ ਤਾਂ ਗੁਰੂ ਰਾਮਦਾਸ ਜੀ ਨੇ ਆਪ ਆਪਣੇ ਪਵਿੱਤਰ ਹੱਥਾਂ ਨਾਲ ਸੇਵਾ ਕੀਤੀ ਅਤੇ ਮੁਖੀ ਸਿੱਖਾਂ ਤੇ ਸੰਗਤਾਂ ਨੇ ਹਿੱਸਾ ਪਾਇਆ। ਕਹਿੰਦੇ ਹਨ ਕਿ ਕੁਝ ਕੁ ਹਿੰਦੂ ਤੇ ਮੁਸਲਮਾਨ ਭੀ ਸ਼ਾਮਲ ਹੋਏ।

ਹਿੰਦੂ ਧਰਮ ਵਿਚ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਗੁਰੂ ਜੀ ਨੇ ਮੁਕਤੀ-ਦਾਤਾ-ਤੀਰਥ ਤਾਂ 'ਨਾਮ' ਨੂੰ ਮੰਨਿਆ ਹੈ :-

'ਤੀਰਥ ਨਾਵਣ ਜਾਉ ਤੀਰਥੁ ਨਾਮ ਹੈ।।'

(ਧਨਾਸਰੀ ਮਹਲਾ੧)

ਗੁਰੂ ਸਾਹਿਬਾਂ ਨੇ ਨਾਮ ਬਾਣੀ ਦੇ ਸਿਮਰਨ, ਭਜਨ, ਕੀਰਤਨ, ਸਤਸੰਗ ਤੇ ਸੇਵਾ ਆਦਿ ਚੰਗੇ ਗੁਣਾਂ ਦੁਆਰਾ ਜੀਵਨ ਉੱਚਿਆਂ ਕਰਨ ਦੀ ਜਾਚ ਸਿਖਾਈ, ਇਨ੍ਹਾਂ ਗੁਣਾ ਦੇ ਪਰਚਾਰ ਦਾ ਕੇਂਦਰ ਬਣਾਇਆ ਗਿਆ ਅੰਮ੍ਰਿਤਸਰ। ਇਸ ਥਾਂ ਦੀ ਰਚਨਾ ਜਿਥੇ ਸਿੱਖੀ ਆਚਰਨ ਉੱਚਿਆਂ ਕਰਨ ਲਈ ਕੀਤੀ ਗਈ ਉਥੇ ਭਾਈਚਾਰਕ ਸਮਾਨਤਾ ਨੂੰ ਭੀ ਮੁੱਖ ਰਖਿਆ ਗਿਆ। ਸੋ ਸ੍ਰੀ ਅੰਮ੍ਰਿਤਸਰ ਕੇਵਲ ਸਿੱਖਾਂ ਦਾ ਧਾਰਮਿਕ ਕੇਂਦਰ ਹੀ ਨਹੀਂ, ਕੌਮੀ ਏਕਤਾ ਤੇ ਆਰਥਕ ਖ਼ੁਸ਼ਹਾਲੀ ਦੀ ਦ੍ਰਿਸ਼ਟੀ ਤੋਂ ਭੀ ਇਕ ਆਦਰਸਕ ਰਚਨਾ ਬਣ ਗਿਆ। ਗੁਰੂ ਰਾਮਦਾਸ ਜੀ ਨੇ ਇਸ ਧਰਮ-ਕੇਂਦਰ ਨੂੰ ਹਰ ਪੱਖੋਂ ਮੁਕੰਮਲ ਤੇ ਆਰਥਕ ਤੌਰ ਤੇ ਨਿਪੁੰਨ ਬਣਾਣ ਲਈ ਏਥੇ ਬਵੰਜਾ ਕਿਤਿਆਂ ਦੇ ਲੋਕ ਵਸਾਏ। ਵਖ ਵਖ ਕੰਮ ਕਰਨ ਵਾਲੇ ਇਹ ਲੋਕੀਂ ਸੈਂਕੜਿਆਂ ਦੀ ਗਿਣਤੀ ਵਿਚ ਕਸੂਰ, ਪੱਟੀ ਤੇ ਕਲਾਨੌਰ **ਤੋਂ ਲਿਆਂਦੇ ਗਏ। ਇਸ ਕੰਮ ਵਾਸਤੇ ਗੁਰੂ ਜੀ ਨੇ ਬਾਬਾ ਬੁੱਢਾ, ਗੁਰੀਏ, ਰੂਪ ਰਾਮ, ਚੰਦਰ ਭਾਨ ਤੇ ਭਾਈ ਸਾਲ੍ਹੋ ਆਦਿ ਦੀ ਸਹਾਇਤਾ ਲਈ।**

**ਜੋ ਲੋਕੀਂ ਇਥੇ ਆ ਕੇ ਵਸੇ ਉਨ੍ਹਾਂ** ਵਿਚ ਹਿੰਦੂ ਤੇ ਮੁਸਲਮਾਨ **ਦੋਹਾਂ ਧਰਮਾਂ ਦੇ ਚੋਖੇ ਲੋਕੀਂ** ਸਨ, ਜਿਨ੍ਹਾਂ **ਵਿਚੋਂ ਕਈ ਆਪੋ ਆਪਣੇ ਕੰਮਾਂ ਵਿਚ ਬਹੁਤ** ਮਾਹਰ **ਸਨ। ਉਹ ਦਸਤਕਾਰੀ ਦੇ ਕੰਮਾ ਤੇ ਵੱਖ** ਵੱਖ ਹੁਨਰਾਂ **ਤੇ ਵਪਾਰ ਦੇ ਚੰਗੇ ਜਾਣੂ ਸਨ। ਆਰਥਕ ਪੱਖ ਤੋਂ ਅਜਿਹੇ ਬੰਦਿਆਂ** ਦੀ ਲੋੜ ਸੀ ਜੋ ਕਿ ਵਪਾਰ **ਦੇ ਵਾਧੇ ਤੇ ਉਪਜ ਵਿਚ ਸਹਾਈ** ਹੋ ਸਕਣ। ਇਨ੍ਹਾਂ ਵਿਚ **ਲੁਹਾਰ, ਤਰਖਾਣ, ਮੋਚੀ**, ਜੁਲਾਹੇ, ਠਠਿਆਰ ਆਦਿ ਉਹ **ਲੋਕੀਂ ਭੀ ਸਨ ਜੋ ਕਿਰਤ ਦੇ** ਲਿਹਾਜ਼ ਤੋਂ ਨੀਵੇਂ **ਸਮਝੇ ਜਾਂਦੇ ਸਨ। ਗੁਰੂ** ਰਾਮਦਾਸ ਜੀ ਨੇ **ਆਦਿ ਗੁਰੂ ਦੇ ਮਿਸ਼ਨ** ਦੀ ਪੂਰਤੀ ਕਰਦਿਆਂ ਇਨ੍ਹਾਂ ਨੀਵੀਆਂ ਜਾਤੀਆਂ ਨੂੰ ਨਿਵਾਜ ਕੇ ਉੱਚਿਆਂ ਕੀਤਾ।

ਭਾਰਤ ਵਿਚ ਓਦੋਂ ਧਰਮ-ਮੰਦਰ ਤਾਂ ਬੜੇ ਸਨ ਪਰ ਉਹ ਅਜਿਹੇ ਧਰਮ-ਅਸਥਾਨ ਸਨ ਜਿਥੇ ਕਿ ਦਾਨ ਦੇ ਆਸਰੇ ਨਿਰਬਾਹ ਕਰਨ ਵਾਲੇ ਸਾਧੂ, ਪੁਜਾਰੀ ਤੇ ਬਿਹੰਗਮ ਬੈਠੇ ਰਹਿੰਦੇ ਸਨ ਅਤੇ ਕਈ ਤਾਂ ਵਿਹਲੜ ਬਣ ਕੇ ਜੀਵਨ ਹੀ ਵਿਅਰਥ ਗਵਾ ਦੇਂਦੇ। ਨਾ ਤਾਂ ਉਹ ਕੋਈ ਕਿਰਤ ਕਰਦੇ ਸਨ ਤੇ ਨਾ ਹੀ ਸਮਾਜ-ਸੁਧਾਰ ਦਾ ਕੋਈ ਕੰਮ ਹੀ। ਸਗੋਂ ਉਹ ਸਮਾਜ ਉਪਰ ਇਕ ਭਾਰ ਸਨ ਤੇ ਸਮਾਜ ਦੀਆਂ ਕਈ ਕੁਰੀਤੀਆਂ ਦਾ ਕਾਰਨ ਬਣੇ ਹੋਏ ਸਨ। ਗੁਰੂ ਜੀ ਨੇ ਸਿੱਖੀ ਦਾ ਕੇਂਦਰ ਬਣਾਣ ਤੇ ਇਥੇ ਲੋਕਾਂ ਨੂੰ ਵਸਾਣ ਵੇਲੇ ਧਰਮ ਦੀ ਕਿਰਤ ਕਰਨ ਵਾਲੇ ਗ੍ਰਿਹਸਤੀਆਂ ਨੂੰ ਤਰਜੀਹ ਦਿੱਤੀ। ਉਨ੍ਹਾਂ ਵਾਹੀ, ਵਪਾਰ ਹੁਨਰ ਤੇ ਕੰਮ ਕਰਨ ਵਾਲਿਆਂ ਨੂੰ 'ਜੀ ਆਇਆਂ' ਕਿਹਾ। ਜੋ ਕਿਰਤ ਦੁਆਰਾ ਲੋਕਾਂ ਆਰਥਕ ਹਾਲਤ ਸੁਧਾਰਦੇ ਸਨ, ਮਿਹਨਤ ਤੇ ਮੁਸ਼ੱਕਤ ਨਾਲ ਰੋਜ਼ੀ ਕਮਾਂਦੇ ਸਨ, ਗੁਰੂ ਸਾਹਿਬਾਂ ਨੇ ਉਨ੍ਹਾਂ ਦੀ ਮਦਦ ਕੀਤੀ। ਸਪੱਸ਼ਟ ਹੈ ਕਿ ਭਗਤੀ, ਪ੍ਰੇਮ, ਸੇਵਾ ਤੇ ਆਚਰਨ ਦੀ ਉਸਾਰੀ ਦੇ ਨਾਲ ਨਾਲ ਲੋਕਾਂ ਦੀਆਂ ਨਿਤ ਦੀਆਂ ਲੋੜਾਂ ਤੇ ਆਰਥਕ ਸਮੱਸਿਆਵਾਂ ਵਲ ਵੀ ਧਿਆਨ ਦਿੱਤਾ ਗਿਆ। ਪਰਅਧੀਨ ਰਹਿ ਕੇ ਨਿਰਬਾਹ ਕਰਨ ਵਾਲਿਆਂ ਦੇ ਵਿਚਾਰ ਕਦੇ ਸੁਤੰਤਰ ਨਹੀਂ ਹੋ ਸਕਦੇ। ਉਨ੍ਹਾਂ ਦੇ ਆਦਰਸ਼ ਕਦੇ ਉੱਚੇ ਨਹੀਂ ਹੋ ਸਕਦੇ। **ਦੂਜੇ ਦੇ** ਧਨ ਤੇ ਦਾਨ ਵਲ ਹੀ ਨਜ਼ਰ ਰੱਖਣ **ਵਾਲਾ ਵਿਹਲੜ**, ਮਖੱਟੂ ਤਾਂ ਸਮਾਜ ਲਈ ਬੋਝਲ ਹੋ


www.AKJ.Org

ਜਾਂਦਾ ਹੈਨ ਸਗੋਂ ਮਾਨਸਕ ਤੌਰ ਤੇ ਨਿਰਜਿੰਦ ਵੀ।

ਗੁਰੂ ਅਮਰਦਾਸ ਨੇ ਸਿੱਖਾਂ ਦੇ ਤੀਰਥ-ਅੰਮ੍ਰਿਤਸਰ ਨੂੰ ਅਜਿਹਾ ਧਾਰਮਿਕ ਕੇਂਦਰ ਬਣਨ ਤੋਂ ਬਚਾਇਆ ਅਤੇ ਇਥੋਂ ਦੇ ਵਸਨੀਕਾਂ ਨੂੰ ਸੁਤੰਤਰ ਤੌਰ ਤੇ ਰੋਜ਼ੀ ਕਮਾਣ ਵਿਚ ਸਹਾਇਤਾ ਦੇ ਕੇ ਉਨ੍ਹਾਂ ਦਾ ਉਪਜਾਊ ਤੇ ਉਸਾਰੂ ਪੱਖ ਉਜਾਗਰ ਕੀਤਾ।

ਧਰਮ ਖੇਤਰ ਵਿਚ ਇਕ ਪੁਰਾਣਾ ਖ਼ਿਆਲ ਇਹ ਸੀ ਕਿ ਰਿਸ਼ੀਆਂ, ਅਵਤਾਰਾਂ, ਗੁਰੂਆਂ, ਸੰਤਾਂ ਅਤੇ ਮਹਾਤਮਾ ਲੋਕਾਂ ਦਾ ਕੰਮ ਸਿਰਫ਼ ਆਤਮਕ ਉਪਦੇਸ਼ ਦੇਣਾ ਹੈ। ਇਹੋ ਕਾਰਨ ਹੈ ਕਿ ਪੁਰਾਣੇ ਸਮਿਆਂ ਵਿਚ ਰਿਸ਼ੀਆਂ ਮੁਨੀਆਂ ਜਾਂ ਆਚਾਰਯ ਲੋਕਾਂ ਅਤੇ ਧਾਰਮਕ ਆਗੂਆਂ ਨੇ ਮਨੁੱਖ ਜਾਤੀ ਨੂੰ ਕੇਵਲ ਇਕ ਪੱਖ ਤੋਂ ਹੀ ਉਚਿਆਂ ਕੀਤਾ ਤੇ ਉਹ ਸੀ ਪਰਮਾਰਥਕ। ਜੀਵਨ ਦੇ ਹੋਰ ਪੱਖਾਂ ਨੂੰ ਅੱਖੋਂ ਓਹਲੇ ਰੱਖਿਆ ਗਿਆ। ਪਰ ਸਿੱਖ-ਧਰਮ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੀ ਜ਼ਿੰਦਗੀ ਦੇ ਹੋਰ ਪਹਿਲੂਆਂ ਵਲ ਧਿਆਨ ਦਿੱਤਾ ਗਿਆ। ਕਹਿੰਦੇ ਹਨ- ਗ਼ਰੀਬੀ ਤੇ ਪਾਪ ਇਕੱਠੇ ਤੁਰਦੇ ਹਨ'। ਭਾਵ ਇਹ ਕਿ ਗ਼ਰੀਬੀ ਤੇ ਭੁੱਖ ਨਾਲ ਮਰਦੇ ਇਨਸਾਨ ਜੁਰਮ ਵਲ ਪ੍ਰੇਰੇ ਜਾਂਦੇ ਹਨ। ਮਨੁੱਖ ਨੂੰ ਅਜਿਹੀ ਗਿਰਾਵਟ ਤੇ ਮੰਗਣ ਦੀ ਪੈੜੀ ਵਾਦੀ ਤੋਂ ਬਚਾਣ ਲਈ ਗੁਰੂ ਰਾਮਦਾਸ ਜੀ ਨੇ ਆਤਮਕ ਉੱਚਤਾ, ਸਮਾਜਕ ਤੇ ਭਾਈਚਾਰਕ ਸਾਂਝ ਦੇ ਨਾਲ ਨਾਲ ਆਰਥਕ ਉਸਾਰੀ ਤੇ ਸ੍ਵੈ-ਸੰਪੂਰਨਤਾ ਦੀ ਵੀ ਪ੍ਰੇਰਨਾ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਬੇਅੰਤ ਹਨ ਤੇ ਅਕਥਨੀਯ ਹਨ। ਸਾਡੀ ਸੋਚ ਤੇ ਕਲਮ ਵਿਚ ਇਤਨੀ ਤਾਕਤ ਨਹੀਂ ਕਿ ਸਤਿਗੁਰੂ ਜੀ ਦੇ ਸਾਰੇ ਗੁਣ ਬਿਆਨ ਕਰ ਸਕਣ। ਗੁਣਾਂ ਦੇ ਖ਼ਜ਼ਾਨੇ ਸੋਢੀ ਸੁਲਤਾਨ ਦੀ ਇਕ ਬਹੁਮੁੱਲੀ ਦੇਣ ਹੈ। 'ਅੰਮ੍ਰਿਤਸਰ ਸਿਫ਼ਤੀ ਦਾ ਘਰ'। ਆਪ ਦੀ ਇਹ ਆਦਰਸ਼ ਰਚਨਾ ਹੁਣ ਤਕ ਕਾਇਮ ਹੈ ਜੋ ਕਿ ਆਪ ਦੀ ਅਮਰ ਯਾਦਗਾਰ ਹੈ। ਇਥੇ ਨਿਤ ਨਵੇਂ ਸੂਰਜ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸ਼ਰਧਾ ਤੇ ਉਤਸ਼ਾਹ ਨਾਲ ਆਂਦੀਆਂ ਹਨ ਤੇ ਮਨ ਉਤੇ ਆਤਮਕ ਸ਼ਾਂਤੀ ਲੈ ਕੇ ਪਰਤਦੀਆਂ ਹਨ।

ਧੰਨ ਧੰਨ ਰਾਮਦਾਸ ਗੁਰੁ,
ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ
ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ
ਪਾਰਬ੍ਰਹਮ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ
ਤੇਰਾ ਅੰਤੁ ਨ ਪਾਰਾਵਾਰਿਆ॥

(ਸਤੇ ਬਲਵੰਡ ਦੀ ਵਾਰ)

## ਸੋਢੀ ਸੁਲਤਾਨ

(ਸ: ਵਿਧਾਤਾ ਸਿੰਘ ਜੀ ਤੀਰ)

ਜਗਤ ਦਾ ਸਿਰਤਾਜ ਤੂੰ, ਸੁਲਤਾਨ ਸੋਢੀ ਸ਼ਹਿਨਸ਼ਾਹ।
ਧਰਮ ਸੱਚ ਉਪਕਾਰ ਦੀ, ਤੂੰ ਜਾਨ ਸੋਢੀ ਸ਼ਹਿਨਸ਼ਾਹ।
ਮੁਕਤ-ਦਰ ਹੈ, ਮੁਕਤ-ਘਰ ਹੈ, ਮੁਕਤ-ਸਰ ਹੈ ਘਰ ਤਿਰਾ,
ਕੰਗਲਿਆਂ ਦੀ ਤੂੰ ਕਰੇਂ, ਕਲਿਆਨ ਸੋਢੀ ਸ਼ਹਿਨਸ਼ਾਹ।
ਦੁੱਧ-ਪੁਤਰ, ਬੱਲ ਯੁੱਧ ਦਾ, ਸੁੱਧ ਬੁੱਧ ਦਾ, ਗਿਆਨ ਦਾ,
ਦੇ ਦਏਂ ਮੂੰਹ ਮੰਗਿਆ, ਤੂੰ ਦਾਨ ਸੋਢੀ ਸ਼ਹਿਨਸ਼ਾਹ।
ਤੇਰੇ ਦਰ ਸਿਰ ਸੁੱਟ ਕੇ, ਤਰਲਾ ਨਿਮਾਣਾ ਜੋ ਕਰੇ,
ਤੂੰ ਕਰੇਂ ਤਰਲਾ ਉਦ੍ਹਾ, ਪਰਵਾਨ ਸੋਢੀ ਸ਼ਹਿਨਸ਼ਾਹ।
ਹਰ ਦੁੱਖ ਦੀ ਮੌਤ ਹੈ, ਜਗ ਤੇ ਤਿਰੀ ਦੁਖ-ਭੰਜਨੀ,
ਮੁਰਦਿਆਂ ਵਿਚ ਪਾਂਵਦੀ ਹੈ, ਪ੍ਰਾਨ ਸੋਢੀ ਸ਼ਹਿਨਸ਼ਾਹ।
ਆਂਵਦਾ ਸੂਰਜ ਦਿਨੇ, ਤੇ ਚੰਨ ਤਾਰੇ ਰਾਤ ਨੂੰ,
ਕਰਨ ਲਈ ਤੇਰੇ ਸਰੋਂ, ਇਸ਼ਨਾਨ ਸੋਢੀ ਸ਼ਹਿਨਸ਼ਾਹ।
ਮਾਰ ਲੈਂਦਾ ਮੌਤ ਨੂੰ, ਉਹ, ਜੀਵ ਮੁੜ ਮੁੜ ਨਾ ਮਰੇ,
ਹੋਇ ਜੋ ਤੇਰੇ ਉਤੋਂ, ਕੁਰਬਾਨ ਸੋਢੀ ਸ਼ਹਿਨਸ਼ਾਹ।
ਆਣ ਕੇ ਤੇਰੇ ਸਰੋਂ, ਇਕ ਬੂੰਦ ਵੀ ਜਿਸ ਪੀ ਲਈ,
ਭਗਤ ਸੀ ਤਾਂ ਹੋ ਗਿਆ, ਭਗਵਾਨ ਸੋਢੀ ਸ਼ਹਿਨਸ਼ਾਹ
ਦਿੱਲ ਸੁੰਞਾ ਸੱਖਣਾ ਉਹ, ਜਿੱਸ ਅੰਦਰ ਤੂੰ ਨਹੀਂ,
ਦਿਲ ਨਹੀਂ ਉਹ ਹੈ ਨਿਰਾ, ਸ਼ਮਸ਼ਾਨ ਸੋਢੀ ਸ਼ਹਿਨਸ਼ਾਹ
ਦੀਪ ਜਿਹੇ ਕੁਲ-ਦੀਪ ਰਹੇ, ਤੇਰੀ ਦੀਵਾਲੀ ਵੇਖਦੇ,
ਤਲੀ ਤੇ ਸਿਰ ਰੱਖ, ਵਾਹ ਕਿਰਪਾਨ ਸੋਢੀ ਸ਼ਹਿਨਸ਼ਾਹ
ਉੱਡ ਗਈ ਤੇਰੇ ਘਰੋਂ, ਮਸੇ ਦੀ ਮੱਸਿਆ ਨਾ ਰਹੀ,
ਵੇਦ ਸਿਦਕੀ ਚੰਨ ਦੇਂ, ਬਲਵਾਨ ਸੋਢੀ ਸ਼ਹਿਨਸ਼ਾਹ।
ਚਾਰ ਦਰ ਤੇਰੇ, ਚਹੁੰ ਵਰਨਾਂ ਨੂੰ ਮੁਕਤੀ ਵੰਡਦੇ,
ਦਾਨ ਵਿਚ ਤੂੰ ਖੁਲ੍ਹ-ਦਿਲਾ, ਪਰਧਾਨ ਸੋਢੀ ਸ਼ਹਿਨਸ਼ਾਹ
ਆ ਗਿਆ ਹੈ 'ਤੀਰ' ਵੀ, ਤੇਰੇ ਤਵਾਰੇ ਚੱਲ ਕੇ,
ਰੱਖ ਲੈ ਨਿਰਮਾਣ ਦਾ, ਅਜ ਮਾਨ ਸੋਢੀ ਸ਼ਹਿਨਸ਼ਾਹ।


www.AKJ.Org

# ਸਿਖ ਰਹਿਤ ਤੇ ਦਸ ਗੁਰੂ-ਜੋਤਿ

(ਪ੍ਰੋ: ਜੋਗਿੰਦਰ ਸਿੰਘ ਜੀ ਦਿੱਲੀ)

## ਸਿੱਖ ਰਹਿਤ ਤੇ ਦਸ ਗੁਰੂ-ਜੋਤਿ

'ਸਿਖ ਰਹਿਤ' ਦਸ ਗੁਰੂ-ਜੋਤਿ ਦੀ ਜੀਵਨ ਵਿਚ ਪ੍ਰਾਪਤ ਕੀਤੀ ਇਕਸੁਰਤਾ ਅਤੇ ਇਕਸਾਰਤਾ ਦਾ ਬਿੰਬ ਵੀ ਹੈ ਤੇ ਭਾਰਤੀ ਜੀਵਨ ਨੂੰ ਪ੍ਰਦਾਨ ਕੀਤੀ ਪ੍ਰਬੁੱਧਤਾ (ਜਾਗ੍ਰਤੀ) ਦਾ 'ਪ੍ਰਤੀਬਿੰਬ' ਵੀ ਹੈ। 'ਸਿੱਖ ਰਹਿਤ' ਪ੍ਰਤੀ ਇਹ ਸੰਕਲਪ ਮੂਰਤੀਮਾਨ ਕਰਨਾ, ਕਿ ਇਸ ਦਾ ਪਹਿਲੀਆਂ ਨੌਂ ਗੁਰੂ-ਸ਼ਖਸੀਅਤਾਂ ਨਾਲ ਕੋਈ ਸਬੰਧ ਨਹੀਂ, ਤੇ ਇਹ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਦੇਣ ਹੈ, ਸਹੀ ਨਹੀਂ। ਸਿੱਖ ਧਰਮ ਵਿੱਚ ਜਿਸ ਨੂੰ 'ਰਹਿਤ' ਆਖਿਆ ਗਿਆ ਹੈ, ਉਸ ਦਾ ਅਸਲ 'ਬਿੰਬ' ਤਾਂ ਗੁਰੂ ਨਾਨਕ ਪਾਤਿਸ਼ਾਹ ਨੇ ਉਜਾਗਰ ਕੀਤਾ ਹੈ, ਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ 'ਰਹਿਤ' ਦੀ ਸੰਪੂਰਣ ਸ਼ਕਤੀ ਨੂੰ ਪਹਿਲਾਂ ਪੰਜ ਕਕਾਰ-ਚਿੰਨ੍ਹਾਂ ਰਾਹੀਂ ਪ੍ਰਗਟ ਕੀਤਾ ਹੈ ਤੇ ਫਿਰ ਚਾਰ ਕੁਰਹਿਤਾਂ ਦੀ ਨਿਰਾਰਥਿਕਤਾ ਦਸ ਕੇ, ਉਸ ਦੀ ਸਾਰਥਿਕਤਾ ਨੂੰ ਮਨੋਵਿਗਿਆਨਕ ਢੰਗ ਨਾਲ ਸਿੱਧ ਕੀਤਾ ਹੈ। 'ਰਹਿਤ' ਕੋਈ ਰੀਤੀ ਜਾਂ ਰਸਮ ਨਹੀਂ, ਇਹ ਤਾਂ ਵਿਕਾਰਾਂ ਤੋਂ ਮੁਕਤ ਜੀਵਨ ਜੀਊਣ ਦੀ ਵਿਧੀ ਹੈ, ਗੁਰੂ-ਸ਼ਖਸੀਅਤਾਂ ਵਰਗੀ ਇਕਸੁਰਤਾ ਅਤੇ ਇਕਸਾਰਤਾ ਪ੍ਰਾਪਤ ਕਰਨ ਦੀ ਜੁਗਤਿ ਹੈ, ਸ਼ਹੀਦਾਂ ਤੇ ਮੁਰੀਦਾਂ ਵਰਗੀ ਕਮਾਈ ਕਰਨ ਦੀ ਧਿਆਨ-ਬਿਰਤੀ ਹੈ, ਪ੍ਰਭੂ-ਭਉ ਤੇ ਗੁਰੂ-ਭਾਉ ਵਿਚ ਵਿਚਰਣ ਦੀ ਦਿੱਬ ਦ੍ਰਿਸ਼ਟਿ ਹੈ।

1699 ਈ: ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੇ ਵਾਸੀ ਤੇ ਅਭਿਲਾਸ਼ੀ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ, ਸਿੰਘ ਸਜਾ ਕੇ, ਜੋ 'ਰਹਿਤ' ਸਮਝਾਈ ਸੀ, ਉਸ ਦਾ ਬਾਹਰਮੁਖੀ ਜਾਂ ਜੱਥੇਬੰਦਕ ਸਰੂਪ ਭਾਵੇਂ ਨਿਆਰਾ ਹੈ, ਪਰ ਉਸ ਦਾ ਅੰਤਰਮੁਖੀ ਸਰੂਪ ਉਹੀ ਹੈ,। ਜਿਸ ਦਾ ਪ੍ਰਚਾਰ ਤੇ ਪਾਸਾਰ ਪਹਿਲੀਆਂ ਨੌਂ ਗੁਰੂ-ਸ਼ਖਸੀਅਤਾਂ ਨੇ ਕੀਤਾ ਹੈ। ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਵਿਚ ਕੋਈ ਅੰਤਰ ਨਹੀਂ- ਇਕੋ ਹੀ ਜੋਤਿ ਹੈ, ਇਕੋ ਹੀ ਅਨੁਭਵ ਹੈ, ਇਕੋ ਹੀ ਆਦਰਸ਼ ਹੈ ਤੇ ਇਕੋ ਹੀ ਕਰਤੱਵ ਹੈ। ਹਾਂ ਗੁਰੂ ਨਾਨਕ-ਪਾਤਿਸ਼ਾਹ ਨੇ 'ਜੀਵਨ' ਨੂੰ ਜਿਸ 'ਰਹਿਤ ਜਾਂ ਜ਼ਬਤ' ਵਿਚ ਰੱਖਣ ਦਾ ਉਪਦੇਸ਼ ਦਿੱਤਾ ਸੀ, ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਦੀ ਤਕ ਅੱਠਾਂ ਗੁਰੂ-ਸ਼ਖਸੀਅਤਾਂ ਨੇ ਆਪਣੇ 'ਜੀਵਨ' ਨੂੰ ਉਸ ਰਹਿਤ ਜਾਂ ਜ਼ਬਤ ਵਿਚ ਹੀ ਰਖਿਆ, ਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਆਪ ਨੂੰ ਉਸੇ 'ਰਹਿਤ' ਜਾਂ 'ਜ਼ਬਤ' ਦਾ ਧਾਰਨੀ ਬਣਾ ਕੇ, ਇਹ ਕਹਿ ਕੇ, ਕਿ ਮੈਨੂੰ 'ਰਹਿਤ' ਪਿਆਰੀ ਹੈ, ਕੇਵਲ 'ਸਿੱਖ' ਪਿਆਰਾ ਹੀ ਨਹੀਂ, ਹੋਰ ਸਪਸ਼ਟ ਕਰ ਦਿੱਤਾ, ਕਿ ਗੁਰੂ-ਦਰ-ਘਰ ਵਿਚ 'ਸਿੱਖ' ਦੀ ਪਰਵਾਨਗੀ 'ਰਹਿਤਵਾਨ' ਹੋਣ ਵਿਚ ਹੀ ਹੈ। 'ਰਹਿਤਵਾਨ' ਸਿੱਖ ਨੂੰ 'ਸਾਹਿਬ' ਤੇ ਆਪਣੇ ਆਪ ਨੂੰ ਉਸਦਾ 'ਚੇਰਾ' ਕਹਿ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੀ ਸ਼ੋਭਾ ਤੇ ਵਡਿਆਈ ਨੂੰ ਵੀ ਪ੍ਰਗਟ ਕੀਤਾ ਹੈ। ਦਸ ਗੁਰੂ-ਜੋਤਿ ਦੀ ਸ਼ੋਭਾ ਤੇ ਵਡਿਆਈ ਦਾ ਵੱਡਾ ਕਾਰਨ ਇਕੋ ਗੁਰੂ-ਜੋਤਿ ਵਿਚ, ਇਕੋ ਗੁਰੂ-ਅਨੁਭਵ ਵਿਚ, ਤੇ ਇਕੋ ਗੁਰੂ-ਰਹਿਤ ਵਿਚ ਜੀਊਣ ਦਾ ਹੈ। ਜੇ 'ਸਿੱਖ' ਉਸ ਸ਼ੋਭਾ ਤੇ ਵਡਿਆਈ ਦਾ ਅਧਿਕਾਰੀ ਬਣਨਾ ਚਾਹੁੰਦਾ ਹੈ, ਤਾਂ ਉਸ ਦਾ 'ਰਹਿਤਵਾਨ' ਹੋਣਾ ਜਾਂ 'ਸਿੱਖ ਰਹਿਤ' ਅਨੁਸਾਰ ਜੀਊਣਾ ਬਹੁਤ ਜ਼ਰੂਰੀ ਹੈ।

## ਦਸ ਗੁਰੂ-ਜੋਤਿ ਤੇ ਸਿੱਖ

ਸਿੱਖ-ਧਰਮ ਵਿਚ 'ਗੁਰੂ-ਜੋਤਿ' ਤੇ 'ਸਿੱਖ' ਦਾ ਅਦੁੱਤੀ ਤੇ ਅਨੂਪਮ ਰਿਸ਼ਤਾ ਹੈ। 'ਗੁਰੂ-ਜੋਤਿ' ਬਿਨਾਂ ਨਾ 'ਸਿੱਖ' ਦੀ ਕਲਪਣਾ ਸੰਭਵ ਹੈ, ਨਾ ਉਹ 'ਸਿੱਖ' ਅਖਵਾਉਣ ਦਾ ਅਧਿਕਾਰੀ ਹੈ ਅਤੇ ਨਾ ਹੀ ਉਹ ਆਤਮਕ-ਉਚਗਤੀ ਨੂੰ ਪ੍ਰਾਪਤ ਕਰ ਸਕਦਾ ਹੈ। 'ਸਿੱਖ' ਦੀ 'ਸਿੱਖੀ' ਗੁਰੂ-ਜੋਤਿ ਦੀ ਮੂਰਤਿ ਤੇ ਮੁਹਰ ਦੀ ਪ੍ਰਤੀਨਿਧ ਹੈ। ਗੁਰੂ-ਜੋਤਿ ਦੀ 'ਮੂਰਤਿ' 'ਸ਼ਬਦ' ਹੈ ਤੇ 'ਮੁਹਰ' ਪੰਜ ਕਕਾਰ ਹਨ। 'ਸ਼ਬਦ-ਗੁਰੂ' ਵਿਚ ਦਸ ਗੁਰੂ-ਜੋਤਿ ਜੀਉਂਦੀ ਵੀ ਹੈ ਤੇ ਵਿਦਵਾਨ ਵੀ ਹੈ। ਜਿਹੜਾ ਵੀ ਦਸ ਗੁਰੂ ਜੋਤਿ ਨੂੰ ਮੰਨਦਾ ਹੈ, ਉਸ ਦੀ ਵੱਡੀ ਪਹਿਚਾਣ ਇਹ ਹੈ, ਕਿ ਉਹ 'ਸ਼ਬਦ' ਉਸ ਦਾ ਆਧਾਰ ਹੋਵੇਗਾ, 'ਸ਼ਬਦ' ਵਾਂਗ ਹੀ ਉਹ ਮੋਹ-ਮਾਇਆ ਦੇ ਹਿੱਤਾਂ ਤੋਂ ਨਿਰਲੇਪ ਤੇ ਸਦਾ ਵਿਗਸਦਾ ਹੋਵੇਗਾ, ਇਕਸੁਰਤਾ ਅਤੇ ਇਕਸਾਰਤਾ ਉਸ ਦੀ ਜੀਵਨ ਦ੍ਰਿਸ਼ਟਿ ਦਾ ਵਾਤਾਵਰਣ ਹੋਵੇਗਾ, ਪ੍ਰਬੁੱਧਤਾ ਤੇ ਜੀਵੰਤ ਸ਼ਕਤੀ ਉਸ ਦੀ ਰਹਿਣੀ ਦਾ ਵਿਸ਼ੇਸ਼ ਪ੍ਰਭਾਵ ਹੋਵੇਗਾ। ਇਕਸੁਰਤਾ ਅਤੇ ਇਕਸਾਰਤਾ ਹੀ 'ਸ਼ਬਦ' ਦਾ ਆਤਮਕ-ਸੰਦੇਸ਼ ਹੈ ਤੇ ਪ੍ਰਬੁੱਧਤਾ ਤੇ ਜੀਵੰਤ ਸ਼ਕਤੀ ਹੀ ਉਸ ਦਾ ਸਮਾਜਕ ਤੇ ਰਾਜਸੀ ਆਦੇਸ਼ ਹੈ।

ਦਸ ਗੁਰੂ-ਜੋਤਿ ਨੇ ਜਿਹੜੀ 'ਸਿੱਖ' ਦੀ ਕਲਪਣਾ ਕੀਤੀ ਹੈ ,ਉਸ ਦਾ 'ਮਨ' ਆਤਮਕ ਗਿਆਨ ਨਾਲ ਨਸ਼ਿਆਇਆ ਹੋਇਆ ਹੈ, ਉਸ ਦਾ 'ਬਚਨ' ਪ੍ਰਬੁੱਧਤਾ ਨਾਲ ਭਰਪੂਰ ਹੈ, ਤੇ ਉਸ ਦਾ 'ਕਰਮ' ਸਹਿਜੇ ਹੀ ਜੀਵੰਤ


www.AKJ.Org

ਸ਼ਕਤੀ ਦਾ ਪ੍ਰਗਟਾਵਾ ਕਰ ਰਿਹਾ ਹੁੰਦਾ ਹੈ, ਕਿਉਂਕਿ 'ਭਗਤੀ-ਗਿਆਨ' ਬਿਨਾਂ ਪ੍ਰਬੁੱਧਤਾ ਨਹੀਂ ਉਪਜਦੀ ਤੇ 'ਪ੍ਰਬੁੱਧਤਾ' ਬਿਨਾਂ ਜੀਵੰਤ-ਸ਼ਕਤੀ ਪੈਦਾ ਨਹੀਂ ਹੁੰਦੀ। ਭਗਤੀ, ਪ੍ਰਬੁੱਧਤਾ ਤੇ ਸ਼ਕਤੀ ਤਿੰਨਾਂ ਵਿਚ ਇਕਸੁਰਤਾ ਅਤੇ ਇਕਸਾਰਤਾ ਪ੍ਰਾਪਤ ਕਰਨ ਵਾਲਾ ਮਨੁੱਖ ਹੀ ਸਹੀ ਅਰਥਾਂ ਵਿਚ 'ਸਿੱਖ' ਅਖਵਾਉਣ ਦਾ ਅਧਿਕਾਰੀ ਹੈ।

ਦਸ ਗੁਰੂ ਸਾਹਿਬਾਨ ਜੇ ਮੁਖ ਰੂਪ ਵਿਚ'ਗੁਰੂ' ਸਨ ਤਾਂ ਦੂਜੇ ਰੂਪ ਵਿਚ ਉਹ ਸਾਰੇ 'ਸਿੱਖ ਵੀ ਸਨ। ਜੇ ਗੁਰੂ ਨਾਨਕ-ਪਾਤਿਸ਼ਾਹ ਆਦਿ 'ਗੁਰੂ' ਸਨ, ਤਾਂ ਦੂਜੇ ਰੂਪ ਵਿਚ ਉਹ ਗੁਰੂ ਅੰਗਦ ਦੇਵ ਜੀ ਦੇ 'ਸਿੱਖ ਵੀ ਸਨ। ਇਸੇ ਤਰ੍ਹਾਂ ਬਾਕੀ ਦੇ ਗੁਰੂ ਸਾਹਿਬਾਨ ਵੀ 'ਗੁਰੂ' ਵੀ ਬਣਦੇ ਸਨ ਤੇ 'ਸਿੱਖ' ਵੀ ਰਹਿੰਦੇ ਸਨ। ਵਿਸ਼ੇਸ਼ ਰੂਪ ਵਿਚ ਗੁਰੂ ਨਾਨਕ ਦੇਵ ਜੀ ਨੇ 'ਵਿਰਾਸਤ ਦੇ ਅਧਿਕਾਰ' ਨੂੰ ਤਿਆਗ ਕੇ, ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਪਹਿਲਾਂ ਅੰਮ੍ਰਿਤ ਛਕਾ ਕੇ ਤੇ ਫਿਰ ਆਪ ਉਹਨਾਂ ਕੋਲੋਂ ਅੰਮ੍ਰਿਤ ਛਕ ਕੇ, 'ਆਪੇ ਗੁਰ ਚੇਲਾ' ਦੀ ਜੋ ਅਗੰਮੀ ਖੇਡ ਖੇਡੀ ਹੈ, ਉਸ ਨੇ ਸਪਸ਼ਟ ਕਰ ਦਿੱਤਾ ਹੈ, ਕਿ 'ਗੁਰੂ' ਸਦਾ 'ਗੁਰੂ' ਨਹੀਂ ਤੇ 'ਸਿੱਖ' ਸਦਾ 'ਸਿੱਖ' ਨਹੀਂ। ਜਦੋਂ 'ਸਿੱਖ' ਗੁਰੂ-ਜੋਤਿ ਦੀ ਮੂਰਤਿ ਤੇ ਮੁਹਰ ਦਾ ਅਧਿਕਾਰੀ ਬਣ ਜਾਂਦਾ ਹੈ, ਤਾਂ ਉਸ ਵੇਲੇ ਉਹ 'ਗੁਰੂ' ਹੁੰਦਾ ਹੈ।

'ਗੁਰੂ' ਦਾ ਸਰੂਪ ਭਾਵੇਂ ਨਿਰਗੁਣ ਹੈ ਤੇ ਭਾਵੇਂ ਸਰਗੁਣ, ਉਹ ਜਿਸ ਰੂਪ ਤੇ ਸਰੂਪ ਵਿਚ ਵੀ ਹੈ, ਉਸ ਦਾ ਮਰਤਬਾ ਵੱਡਾ ਹੈ। ਉਸ ਦੇ ਨੂਰ ਦਾ ਪ੍ਰਕਾਸ਼ ਚਹੁੰ-ਪਾਸੀਂ ਹੈ, ਉਹ ਸਭ ਦਾ ਹੈ, ਤੇ ਸਭ ਉਸ ਦੇ ਹਨ, ਉਹ ਵੈਰ-ਵਿਰੋਧ ਤੇ ਭਰਮ-ਪਾਪ ਤੋਂ ਵੀ ਪੂਰੀ ਤਰ੍ਹਾਂ ਸੁਤੰਤਰ ਹੈ, ਸੱਚ, ਨਿਆਂ ਤੇ ਸਾਂਝੀਵਾਲਤਾ ਉਸ ਦੇ ਪੈਗਾਮ ਦਾ ਮੁਖ ਸੰਦੇਸ਼ ਹੈ, ਉਸ ਦੀ ਸ਼ੋਭਾ ਤੇ ਸ਼ਕਤੀ ਦਾ ਪ੍ਰਭਾਵ ਹਰ ਪਾਸੇ ਹੈ, ਉਹ ਹੰਕਾਰ ਤੇ ਮੋਹ-ਮਾਇਆ ਦੇ ਜਾਲ ਨੂੰ ਮਿਥਿਆ ਸਮਝਦਾ ਹੈ, ਉਹ ਸਦਾ ਪੁਰਖ, ਨਿਰਭਉ, ਨਿਰਵੈਰ ਤੇ ਅਕਾਲ ਰਹਿ ਕੇ ਕਰਤਾਰੀ ਕਰਤੱਵ ਕਰਦਾ ਹੈ। ਇਸੇ ਕਰਕੇ 'ਮਾਣ' ਤੇ ਮਹੱਤਵ' 'ਗੁਰੂ' ਦਾ ਹੈ, ਉਹ 'ਸਿੱਖ' ਦਾ ਨਹੀਂ। ਜੇ 'ਸਿੱਖ' ਗੁਰੂ ਦੇ ਮਾਣ ਤੇ ਮਹੱਤਵ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਤਾਂ ਉਸ ਵਾਸਤੇ ਜ਼ਰੂਰੀ ਹੈ, ਕਿ ਉਹ ਦਸ ਗੁਰੂ-ਜੋਤਿ ਦੀ ਮੂਰਤਿ ਤੇ ਮੁਹਰ ਵਿਚ ਜੀਵੇ। ਦਸਵੇਂ ਪਾਤਿਸ਼ਾਹ ਨੇ ਆਪਣੀ 'ਨਾਨਕ-ਜੋਤਿ' ਨੂੰ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਲੀਨ ਕਰਕੇ ਤੇ 'ਨਾਨਕ-ਸਰੀਰ' ਨੂੰ ਖਾਲਸਾ ਪੰਥ ਦਾ ਅੰਗ ਸੰਗ ਬਣਾ ਕੇ, ਜੋ ਉਪਦੇਸ਼ ਦਿੱਤਾ ਸੀ, ਤੇ ਜਿਸ ਦਾ ਪ੍ਰਗਟਾਵਾ ਭਾਈ ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀ ਨਾਮੇ' ਗ੍ਰੰਥ ਵਿਚ ਕੀਤਾ ਹੈ,

"ਖੋਜ, 'ਸ਼ਬਦ' ਦੀ ਕਰਨੀ ਤੇ ਭਲਾ 'ਪੰਥ' ਦਾ ਲੋਚਣਾ" ਉਹ ਵੀ ਪ੍ਰਮਾਣ ਹੈ, ਕਿ ਦਸ ਗੁਰੂ-ਜੋਤਿ ਦੀ ਮੂਰਤਿ ਤੇ ਮੁਹਰ ਬਿਨਾਂ ਕੋਈ 'ਸਿੱਖ' ਕੇਸਾਧਾਰੀ ਹੁੰਦਾ ਹੋਇਆ ਵੀ ਪੂਰਨ 'ਸਿੱਖ' ਜਾਂ 'ਸਿੰਘ' ਅਖਵਾਉਣ ਦਾ ਅਧਿਕਾਰੀ ਨਹੀਂ।

## ਸਿੱਖ ਜਾਂ ਸਿੰਘ ਤੇ ਕੇਸ

'ਕੇਸ' ਸਿੱਖ ਤੇ ਸਿੰਘ ਦੀ ਮੁਹਰ ਹਨ। ਜਿਵੇਂ ਮੁਹਰ ਬਿਨਾਂ ਕਿਸੇ ਵੀ ਵਸਤੂ ਨੂੰ ਪ੍ਰਮਾਣੀਕ ਨਹੀਂ ਮੰਨਿਆ ਜਾਂਦਾ, ਕੁਝ ਇਸੇ ਤਰ੍ਹਾਂ 'ਕੇਸਾਂ' ਬਿਨਾਂ ਕਿਸੇ ਵੀ ਮਹਾਂ-ਪੁਰਸ਼ ਜਾਂ ਧਾਰਮਿਕ ਪੁਰਸ਼ ਨੂੰ ਸਿੱਖੀ ਦਾ ਮੈਂਬਰ ਜਾਂ ਸਿੱਖੀ ਵਿਚ ਪਰਵਾਨ ਨਹੀਂ ਮੰਨਿਆ ਜਾ ਸਕਦਾ। ਸਿੱਖ ਜੱਥੇਬੰਦੀ ਦਾ ਮੈਂਬਰ ਬਣਨ ਜਾਂ ਰਹਿਣ ਵਾਸਤੇ ਕੇਸਾਧਾਰੀ ਹੋਣਾ ਅਤਿ ਜ਼ਰੂਰੀ ਹੈ। ਕਿਉਂਕਿ ਕੇਸ-ਰੂਪੀ ਮੁਹਰ ਨੇ ਹੀ ਤਾਂ ਸਿੱਖ ਤੇ ਸਿੰਘ ਨੂੰ ਗੁਰੂ-ਦਰਸ਼ਨ ਦਾ ਦਿੱਬ-ਦਰਸ਼ਨ ਕਰਵਾਉਣਾ ਹੈ। ਗੁਰੂ-ਮੂਰਤਿ ਦੇ ਦਿੱਬ-ਦਰਸ਼ਨ ਬਿਨਾਂ ਨਾ ਤਾਂ 'ਸਿੱਖ' ਦੀ ਅੰਤਰ-ਆਤਮਾ ਵਿਚ ਕੇਸਾਂ ਪ੍ਰਤੀ ਗੌਰਵ ਪੈਦਾ ਹੋ ਸਕਦਾ ਹੈ, ਨਾ ਹੀ ਉਹ ਕੇਸਾਂ ਦੀ ਸੁੱਤੇ ਸਿਧ ਸੁਦਰਤਾ ਦਾ ਅਨੰਦ ਭੁੰਚ ਸਕਦਾ ਹੈ ਅਤੇ ਨਾ ਹੀ ਉਹ ਕੇਸਾਧਾਰੀ ਸ਼ਹੀਦਾਂ ਤੇ ਮੁਰੀਦਾਂ ਦੀ ਕਮਾਈ ਉਤੇ ਮਾਣ ਕਰ ਸਕਦਾ ਹੈ। ਗੁਰਸਿੱਖਾਂ ਦੇ ਘਰਾਂ ਵਿਚ ਜੰਮ-ਪਲ ਕੇ ਵੀ ਜੋ ਸਿੱਖ ਵਿਦਿਆਰਥੀ ਜਾਂ ਸਿੱਖ ਨੌਜਵਾਨ 'ਸਿੱਖੀ' ਤੇ ਸਿੱਖ ਸ਼ਹੀਦਾ ਉਤੇ ਮਾਣ ਨਹੀਂ ਰਿਹਾ, ਤਾਂ ਉਸ ਦਾ ਸਪਸ਼ਟ ਕਾਰਨ ਸਮੇਂ ਦੀ ਹਵਾ ਜਾਂ ਅਣਜਾਣ ਤੇ ਸਿੱਖੀ ਤੋਂ ਅਵੇਸਲਾ ਹੋਣਾ ਹੀ ਉਸ ਦਾ ਵੱਡਾ ਕਾਰਨ ਹੈ। ਖਾਲਸਾ ਸਕੂਲਾਂ ਤੇ ਕਾਲਜਾਂ ਵਿਚ ਇਹੋ ਜਿਹੇ ਵਿਦਿਆਰਥੀ ਨਿਤ ਦੇਖਣ ਵਿਚ ਆਉਂਦੇ ਹਨ (ਭਾਵੇਂ ਇਹਨਾਂ ਦੀ ਘਟ ਹੈ), ਜਿਨ੍ਹਾਂ ਦੇ ਮਾਂ-ਪਿਉ ਸਰਦਾਰ ਬਹਾਦਰ ਹਨ, ਗੁਰਮਤਿ ਤੇ ਗੁਰਸਿੱਖੀ ਦੇ ਅਤਿ ਮੁਤਲਾਸ਼ੀ ਹਨ, ਤੇ ਸਿੱਖੀ ਪ੍ਰਚਾਰ ਦੇ ਵੀ ਜ਼ਬਰਦਸਤ ਹਾਮੀ ਹਨ, ਪਰ ਬਜ਼ੁਰਗਾਂ ਦੇ ਉਹ ਲਾਡਲੇ ਸਪੁੱਤਰ ਜਿੱਥੇ ਆਪ ਕੇਸਾਂ-ਦਾੜ੍ਹੀਆਂ ਦਾ ਅਪਮਾਨ ਕਰਦੇ ਹਨ, ਉਥੇ ਉਹ ਕੇਸਾਂ-ਦਾੜ੍ਹੀਆਂ


www.AKJ.Org

ਵਾਲਿਆਂ ਦਾ ਮਖੌਲ ਵੀ ਉਡਾਣ ਵਿਚ ਫਖਰ ਮਹਿਸੂਸ ਕਰਦੇ ਹਨ। ਇਹਨਾਂ ਅਖਾਉਤੀ ਸਪੁੱਤਰਾਂ ਦੇ ਸਿੱਖੀ-ਘਾਤਕ ਯਤਨਾਂ ਨੂੰ ਦ੍ਰਿਸ਼ਟੀ ਵਿਚ ਰਖ ਕੇ ਇਹ ਕਹਿਣਾ ਯੋਗ ਨਹੀਂ ਬਣਦਾ, ਕਿ ਉਹਨਾਂ ਨੂੰ ਪਿਆਰ ਨਹੀਂ ਸੀ। ਹਾਂ ਉਹਨਾਂ ਦਾ ਕਸੂਰ ਸਿਰਫ ਇੰਨਾ ਹੀ ਬਣਦਾ ਹੈ, ਕਿ ਉਹਨਾਂ ਨੇ ਆਪਣੇ ਸਪੁੱਤਰਾਂ ਨੂੰ ਬਚਪਨ ਤੋਂ ਹੀ ਗੁਰੂ-ਮੂਰਤਿ ਦਾ ਦਿੱਬ-ਦਰਸ਼ਨ ਨਹੀਂ ਕਰਵਾਇਆ, ਸਿੱਖੀ ਤੇ ਸਿੱਖ ਰਹਿਤ ਦਾ ਮਹੱਤਵ ਨਹੀਂ ਸਮਝਾਇਆ, ਗੁਰੂਆਂ ਤੇ ਸਿੱਖ ਸ਼ਹੀਦਾਂ ਦੀਆਂ ਸ਼ਹਾਦਤਾਂ ਸੁਣਾ ਕੇ, ਜ਼ੁਲਮ ਅਤੇ ਅਨਿਆਂ ਵਿਰੁਧ ਉਹਨਾਂ ਦੇ ਖੂਨ ਨੂੰ ਨਹੀਂ ਗਰਮਾਇਆ, ਅਤੇ ਨਾ ਹੀ ਕਦੀ ਸੰਗਤਿ, ਪੰਗਤਿ ਤੇ ਅੰਮ੍ਰਿਤ ਦੀਆਂ ਸਿੱਖ ਸੰਸਥਾਵਾਂ ਵਿਚ ਬਿਠਾਇਆ ਹੈ। ਸਿੱਖ ਵਿਦਿਆਰਥੀਆਂ ਜਾਂ ਸਿੱਖ ਨੌਜਵਾਨਾਂ ਨੂੰ ਪਤਿਤ ਹੋਣੋਂ ਰੋਕਣ ਲਈ ਇਹੀ ਪੰਜ ਵੱਡੇ ਸਾਧਨ ਹਨ :-

(1) ਸਿੱਖ ਵਿਦਿਆਰਥੀਆਂ ਅਤੇ ਵਿਦਿਆਰਥਣਾ ਨੂੰ ਬਚਪਣ ਤੋਂ ਹੀ ਗੁਰੂ-ਮੂਰਤਿ ਦਾ ਦਿੱਬ-ਦਰਸ਼ਨ ਸਮਝਾਇਆ ਜਾਂ ਕਰਵਾਇਆ ਜਾਏ।

(2) ਸਿੱਖੀ ਤੇ ਸਿੱਖ ਰਹਿਤ-ਮਰਯਾਦਾ ਦਾ ਜੀਵਨ ਵਿਚ ਕੀ ਮਹੱਤਵ ਹੈ ? ਇਸ ਬਾਰੇ ਉਹਨਾਂ ਦਾ ਗਿਆਨ ਵਧਾਇਆ ਜਾਵੇ।

(3) ਗੁਰੂਆਂ ਤੇ ਗੁਰਸਿਖਾਂ ਦੀ ਕਮਾਈ ਵਲ ਉਹਨਾਂ ਦਾ ਧਿਆਨ ਦਿਵਾਇਆ ਜਾਏ।

(4) ਬਚਪਣ ਤੋਂ ਹੀ ਜ਼ੁਲਮ ਤੇ ਅਨਿਆਂ ਨੂੰ ਭੈੜਾ ਦਰਸਾ ਕੇ, ਉਸ ਵਿਰੁਧ ਉਹਨਾਂ ਦਾ ਜਜ਼ਬਾ ਭੜਕਾਇਆ ਜਾਵੇ।

(5) ਸਿੱਖ ਬੱਚਿਆਂ ਅੰਦਰ ਛੋਟੀ ਉਮਰ ਤੋਂ ਹੀ ਸੰਗਤਿ ਪੰਗਤਿ ਤੇ ਅੰਮ੍ਰਿਤ ਵਰਗੀਆਂ ਆਦਰਸ਼ ਸੰਸਥਾਵਾਂ ਵਿਚ ਬੈਠਣ ਦਾ ਉਤਸ਼ਾਹ ਜਗਾਇਆ ਜਾਵੇ।

ਜਦੋਂ ਸਿੱਖ ਪਰਿਵਾਰ ਦਾ ਹਰ ਮੈਂਬਰ (ਭਾਵੇਂ ਉਸ ਦੀ ਉਮਰ ਛੋਟੀ ਹੋਵੇ ਜਾਂ ਵੱਡੀ) "ਆਤਮਾ" ਕਰੇ ਕੇ ਸਿੱਖ' ਬਣ ਜਾਵੇਗਾ, ਤਾਂ ਸਹਿਜੇ ਹੀ ਉਸ ਦੀ ਅੰਤਰ-ਆਤਮਾ ਵਿਚ 'ਕੇਸਾਂ' ਸਹਿਤ ਜਾਣ ਦੀ ਗੌਰਵ-ਭਾਵਨਾ ਜਾਗ ਪਵੇਗੀ। ਕੇਸਾਂ-ਸਵਾਸਾਂ ਨਾਲ ਨਿਭ ਜਾਣ ਵਾਸਤੇ ਪਹਿਲਾਂ 'ਸਿੱਖ' ਬਣਨਾ ਜ਼ਰੂਰੀ ਹੈ। ਗੁਰੂ ਨਾਨਕ-ਪਾਤਿਸ਼ਾਹ ਤੋਂ ਲੈ ਕੇ ਗੁਰੂ ਤੇਗ ਬਹਾਦਰ ਦੀ ਤਕ, ਜਿਹੜੇ 'ਸਿੱਖ' ਸੱਜ ਗਏ ਤੇ ਸਿੱਖ ਸੰਸਥਾ ਦੇ ਮੈਂਬਰ ਬਣ ਗਏ ਸਨ, ਉਹ ਹੈ ਤਾਂ ਕੇਸਾਧਾਰੀ ਹੀ ਸਨ, ਪਰ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ, ਸਿੰਘ ਸਜਾ ਕੇ, 'ਕੇਸਾਂ' ਪ੍ਰਤੀ ਜੋ ਮਹੱਤਵ ਤੇ ਗੌਰਵ ਗੁਰੂ ਗੋਬਿੰਦ ਸਿੰਘ ਜੀ ਨੇ ਦ੍ਰਿੜਾਇਆ ਹੈ, ਉਸ ਪੱਖੋਂ ਸਮੁੱਚਾ ਸਿੱਖ ਜਗਤ ਪਹਿਲਾਂ ਸੁਚੇਤ ਨਹੀਂ ਸੀ। ਗੁਰੂ ਤੇਗ ਬਹਾਦਰ ਜੀ ਤਕ 'ਕੇਸਾਂ' ਨੂੰ ਸੁੰਦਰਤਾ ਤੇ ਸਾਬਤ ਸੂਰਤਿ ਦਾ ਹੀ ਹਿੱਸਾ ਸਮਝਿਆ ਜਾਂਦਾ ਸੀ, ਪਰ ਗੁਰੂ ਗੋਬਿੰਦ ਸਿੰਘ ਜੀ ਨੇ 'ਕੇਸਾਂ' ਨੂੰ ਸਿੱਖ ਤੇ ਸਿੱਖੀ ਦੀ ਮੁਹਰ ਨਿਯੁਕਤ ਕਰ ਕੇ, ਉਸ ਨੂੰ ਸਦਾ ਕੇਸਾਧਾਰੀ ਰਹਿਣ ਦਾ ਆਦੇਸ਼ ਦਿੱਤਾ ਹੈ, ਸਦਾ ਕੇਸਾਧਾਰੀ ਰਹਿ ਕੇ ਜੀਉਣ ਦਾ ਭਾਵ ਇਹ ਹੈ, ਕਿ ਉਹ (ਕੇਸਾਧਾਰੀ) ਸਿੱਖ ਚਰਿੱਤਰ ਦਾ ਮਾਲਕ ਹੈ, ਸਿੱਖ ਰਹਿਤ ਜਾਂ ਜਬਤ ਦੀ ਪ੍ਰਮਾਣੀਕ ਮੁਹਰ ਹੈ, ਸਿੱਖੀ ਵਿਚ ਪੂਰੀ ਤਰ੍ਹਾਂ, ਪਰਵਾਨ ਹੈ। ਗੁਰੂ-ਘਰ ਵਿਚ ਪਰਵਾਨਗੀ ਪ੍ਰਾਪਤ ਕਰ ਲੈਣੀ ਹੀ 'ਸਿੱਖ' ਦੀ ਪ੍ਰਬਲ ਤੇ ਪ੍ਰਮੁੱਖ ਇੱਛਾ ਹੈ। ਇਸੇ ਕਰਕੇ ਉਹ ਕੇਸਾਧਾਰੀ ਰਹਿ ਕੇ ਜੀਉਣ ਵਿਚ ਗੌਰਵ ਮਹਿਸੂਸ ਕਰਦਾ ਹੈ।

**ਸਿੱਖ ਤੇ ਕਕਾਰ:-**

ਗੁਰੂ ਗੋਬਿੰਦ ਸਿੰਘ ਜੀ ਨੇ 'ਸਿੱਖ' ਦਾ ਜਿਹੜਾ ਬਾਹਰਮੁਖੀ ਸਰੂਪ ਸਿਰਜਿਆ ਹੈ, 'ਕਕਾਰ' ਉਸ ਸਰੂਪ ਦਾ ਵਿਸ਼ੇਸ਼ ਸ਼ਿੰਗਾਰ ਹਨ। ਜਿਵੇਂ ਭਾਰਤੀ ਇਸਤ੍ਰੀ-ਗਹਿਣਿਆਂ ਨਾਲ ਆਪਣੇ ਆਪ ਨੂੰ ਸ਼ਿੰਗਾਰਦੀਆਂ ਹਨ, ਕੁਝ ਉਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ, ਸਿੰਘਾਂ ਤੇ ਸਿੰਘਣੀਆਂ ਨੂੰ ਕਕਾਰ-ਸ਼ਿੰਗਾਰ ਬਖ਼ਸ਼ ਕੇ, ਸਦਾ ਵਾਸਤੇ ਸੁੰਦਰ, ਸ਼ੋਭਨੀਕ ਤੇ ਸ਼ਕਤੀਸ਼ਾਲੀ ਬਣਾ ਦਿੱਤਾ ਹੈ। ਗਹਿਣਿਆਂ ਦੀ ਸੁੰਦਰਤਾ ਭਾਵੇਂ ਸਦੀਵੀ ਤੇ ਸਾਰਥਿਕ ਨਹੀਂ, ਪਰ ਕਕਾਰਾਂ ਦੀ ਸੁੰਦਰਤਾ ਸਦੀਵੀ ਤੇ ਸਾਰਥਿਕ ਹੈ। ਜੇ 'ਮਨੁੱਖ' ਆਤਮਾ ਤੇ ਸਰੂਪ ਕਰਕੇ ਸਿੱਖ ਤੇ ਸਿੰਘ ਹੈ, ਤਾਂ 'ਕਕਾਰ' ਉਸ ਦੀ ਜ਼ਿੰਦਗੀ ਦਾ ਸ਼ਿੰਗਾਰ ਹਨ। ਕਕਾਰਾਂ ਵਿਚੋਂ ਜੋ ਸੁੰਦਰਤਾ ਤੇ ਸ਼ਕਤੀ ਉਸ ਨੂੰ ਪ੍ਰਾਪਤ ਹੁੰਦੀ ਹੈ, ਉਹ ਉਸ ਨੂੰ ਕਿਸੇ ਹੋਰ ਸੁਹੱਪਣ ਜਾਂ ਗਹਿਣਿਆ ਵਿਚੋਂ ਨਹੀਂ ਮਿਲਦੀ, ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਜਾਏ ਤੇ ਅੰਮ੍ਰਿਤ ਨਾਲ ਸ਼ਿੰਗਾਰੇ ਸਿੰਘਾਂ ਦੇ ਲਿਬਾਸ ਵਿਚ ਜੋ ਮਹੱਤਵ 'ਕਕਾਰ-ਸ਼ਿੰਗਾਰ' ਦਾ ਹੈ, ਉਹ ਹੋਰ ਕਿਸੇ ਵੀ ਸ਼ਿੰਗਾਰ ਜਾਂ ਸੁਹੱਪਣ ਦਾ ਨਹੀਂ।

'ਕਕਾਰਾਂ' ਦਾ ਜੋ ਸਥਾਈ ਸਰੂਪ ਹੈ, ਉਹਨਾਂ ਦੀ ਹੋਂਦ ਭਾਵੇਂ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਵੀ ਸੀ, ਪਰ ਦਸਮ ਪਾਤਿਸ਼ਾਹ ਨੇ ਇਹਨਾਂ ਕਕਾਰਾਂ ਨੂੰ ਆਤਮਕ-ਪ੍ਰਬੁੱਧਤਾ (ਜਾਗ੍ਰਿਤੀ) ਦਾ 'ਬਿੰਬ' ਬਣਾ ਕੇ ਤੇ ਮਾਨਸਿਕ-ਜ਼ਬਤ ਦਾ ਆਧਾਰ


www.AKJ.Org

ਬਣਾ ਕੇ, ਭਾਰਤੀ ਜੀਵਨ ਵਿਚ ਜਿਵੇਂ ਪਰਿਵਰਤਨ ਲਿਆਂਦਾ ਹੈ, ਉਸ ਨਾਲ 'ਕਕਾਰਾਂ' ਦਾ ਮਹੱਤਵ ਤੇ ਪ੍ਰਭਾਵ ਵਧਗਿਆ ਹੈ। ਜਿਵੇਂ 'ਸਿੰਘ' ਦੇ ਬੁੱਕਣ ਨਾਲ ਸਭ 'ਮਿਰਗਾਵਲ' ਭਜ ਜਾਂਦੀਆਂ ਹਨ, ਕੁਝ ਇਸੇ ਤਰ੍ਹਾਂ ਕਕਾਰ-ਧਾਰੀ ਸਿੰਘ ਦੀ ਅੰਤਰ-ਆਤਮਾ ਵਿਚੋਂ ਦ੍ਰਿੜਤਾ, ਬੱਲ ਤੇ ਗੌਰਵ ਦੀਆਂ ਉਸਾਰੂ ਤੇ ਦੈਵੀ ਭਾਵਨਾਂਵਾ ਉਜਾਗਰ ਹੋਣ ਨਾਲ, ਇਕ ਤਾਂ ਉਸ ਦੀ ਮਾਨਸਿਕ-ਅਵੱਸਥਾ ਉਚਿਉਂ ਉਚੀ ਤੇ ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਬਣ ਜਾਂਦੀ ਹੈ ਤੇ ਦੂਜਾ ਅੰਧ ਅਤੇ ਅਗਿਆਨ ਦੀਆਂ ਕੀਮਤਾਂ ਤੋਂ ਉਹ ਪੂਰੀ ਤਰ੍ਹਾਂ ਸੁਤੰਤਰ ਹੋ ਜਾਂਦਾ ਹੈ।

'ਕਕਾਰ' ਦਾ ਹਰ ਅੰਗ ਜੀਵਨ ਵਿਚ ਅਰਥ-ਭਰਪੂਰ ਸਥਾਨ ਰਖਦਾ ਹੈ। ਇਸੇ ਕਰਕੇ 'ਕਕਾਰ' ਨੂੰ 'ਸਿੱਖ ਰਹਿਤ' ਦਾ ਜ਼ਰੂਰੀ ਹਿੱਸਾ ਸਵੀਕਾਰ ਕੀਤਾ ਜਾਂਦਾ ਹੈ। ਇਹੀ ਕਕਾਰ-ਸਰੂਪ ਹੈ, ਜਿਹੜਾ 'ਸਿੱਖ' ਨੂੰ 'ਸਿੰਘ' ਰੂਪ ਵਿਚ ਪ੍ਰਗਟ ਕਰਦਾ ਹੈ, 'ਸੰਗਤਿ' ਨੂੰ 'ਖਾਲਸਾ' ਰੂਪ ਵਚ ਮੂਰਤੀਮਾਨ ਕਰਦਾ ਹੈ, ਤੇ 'ਬਲ-ਹੀਣਾ' ਨੂੰ 'ਬਲਵਾਨ' ਬਣਾਂਦਾ ਹੈ। 'ਸਿੱਖ ਰਹਿਤ' ਸੱਚ ਮੁੱਚ ਹੀ ਬਲਵਾਨ ਆਤਮਾ ਦੀ 'ਰਹਿਤ' ਹੈ।

ਜੇ 'ਆਤਮਾ' ਬਲਵਾਨ ਹੈ, ਤਾਂ ਮਨ, ਬਚਨ ਤੇ ਕਰਮ ਵੀ ਬਲਵਾਨ ਹੋ ਜਾਂਦਾ ਹੈ। ਜੇ 'ਮਨ, ਬਚਨ ਤੇ ਕਰਮ ਬਲਵਾਨ ਹੈ, ਤਾਂ ਸਰੀਰ ਵੀ ਬਲਵਾਨ ਹੋ ਜਾਂਦਾ ਹੈ। ਜੇ 'ਸਰੀਰ' ਬਲਵਾਨ ਹੈ, ਤਾਂ ਉਹ ਅਨਿਆਂ ਅਤੇ ਅਨੀਤੀ ਦਾ ਮੁਕਾਬਲਾ ਕਰਨ ਵਾਸਤੇ ਡੱਟ ਜਾਂਦਾ ਹੈ। ਤੇ ਵੱਡੀਆਂ ਵੱਡੀਆਂ ਪ੍ਰਾਪਤੀਆਂ ਕਰਨ ਦੇ ਸਮੱਰਥ ਵੀ ਬਣ ਜਾਂਦਾ ਹੈ। ਸ਼ਾਇਦ ਇਹੀ ਕਾਰਨ ਹੈ, ਕਿ ਦੇਸ ਤੇ ਵਿਦੇਸ ਵਿਚ ਜਿਨ੍ਹਾਂ ਗੁਰਸਿਖਾਂ ਨੇ ਵੀ ਪ੍ਰਾਪਤੀਆਂ ਦੇ ਮਹਾਨ ਸਿਖਰਾਂ ਨੂੰ ਛੋਹਿਆ ਹੈ, ਉਹ 'ਸਿੱਖ ਜ਼ਬਤ' ਤੇ ਦ੍ਰਿੜ ਧਾਰਨੀ ਹੀ ਸਨ।

"ਸਿੱਖ ਰਹਿਤ' ਸੱਚ ਮੁੱਚ ਹੀ ਪ੍ਰਾਪਤੀਆਂ ਦੇ ਮਹਾਨ ਸਿਖਰਾਂ ਨੂੰ ਛੋਹਣ ਵਿਚ ਸਮੱਰਥ ਹੈ- ਕੋਈ ਸਿੱਖ ਰਹਿਤ ਦਾ ਧਾਰਨੀ ਬਣ ਕੇ, ਤਜਰਬਾ ਕਰਕੇ ਤਾਂ ਵੇਖੋਂ"।

## ਸਿੱਖ ਰਹਿਤ ਤੇ ਸਿੱਖ ਨੌਜਵਾਨ :-

'ਕੌਮ' ਕੋਈ ਹੋਵੈ, ਉਸ ਦੇ ਭਵਿੱਖ ਦੇ ਮਾਲਕ ਉਸ ਕੌਮ ਦੇ ਨੌਜਵਾਨ ਹੀ ਹੁੰਦੇ ਹਨ, ਕਿਉਂਕਿ ਕੋਈ ਵੀ 'ਕੌਮ' ਜਵਾਨ ਖ਼ੂਨ ਤੇ ਜਵਾਨ ਉਤਸ਼ਾਹ ਤੋਂ ਬਿਨਾਂ ਨਾ ਤਾਂ ਜਵਾਨ ਰਹਿ ਸਕਦੀ ਹੈ ਅਤੇ ਨਾ ਹੀ ਆਪਣੀ ਗੌਰਵ ਸ਼ਾਲੀ ਹੋਂਦ ਨੂੰ ਸਦਾ ਜੀਵੰਤ ਰਖ ਸਕਦੀ ਹੈ। ਸੰਸਾਰ ਵਿਚ ਉਪਜੇ ਹਰ ਜੀਵ-ਜੰਤ ਦਾ ਵਿਕਾਸ ਹੋ ਰਿਹਾ ਹੈ, ਤੇ ਉਮਰ ਭੋਗ ਕੇ ਉਹ ਕਮਜ਼ੋਰ ਤੇ ਕੰਮ-ਚੋਰ ਹੋ ਜਾਂਦਾ ਹੈ। ਕੌਮ-ਉਸਾਰੀ ਵਿਚ ਕਮਜ਼ੋਰਾਂ ਤੇ ਕੰਮ-ਚੋਰਾਂ ਦਾ ਕੋਈ ਸਥਾਨ ਨਹੀਂ। ਇਥੇ ਤਾਂ ਉਹੀ ਯੋਗਦਾਨ ਪਾ ਸਕਦਾ ਹੈ, ਜਿਸ ਦਾ ਉਤਸ਼ਾਹ ਸਦਾ ਭੱਖਦਾ ਰਹਿੰਦਾ ਹੈ। ਉਤਸ਼ਾਹ ਵਿਚ ਸਦਾ ਭੱਖਦੇ ਰਹਿਣ ਦਾ ਉਮਰ-ਸਮਾਂ ਜਵਾਨੀ ਦਾ ਹੀ ਹੁੰਦਾ ਹੈ। ਜਿਸ 'ਕੌਮ' ਵਿਚ ਜਵਾਨ ਖ਼ੂਨ ਤੇ ਜਵਾਨ ਉਤਸ਼ਾਹ ਨੂੰ ਮਹੱਤਵ ਪੂਰਨ ਸਥਾਨ ਪ੍ਰਾਪਤ ਹੈ, ਉਹ 'ਕੌਮ' ਸਦੀਆਂ ਲੰਘ ਜਾਣ ਬਾਅਦ ਵੀ ਕੌਮ-ਉਸਾਰੀ ਦੇ ਕੌਮਾਂ ਤੋਂ ਥੱਕਦੀ-ਟੁਟਦੀ ਨਹੀਂ। ਉਸ ਇਕ-ਰਸ ਤੇ ਇਕ-ਚਿਤ ਹੋ ਕੇ ਕੌਮ-ਉਸਾਰੀ ਦੇ ਮੈਦਾਨ ਵਿਚ ਜੂਝਦੀ ਹੀ ਰਹਿੰਦੀ ਹੈ। ਕੌਮਾਂ ਦੀ ਉਸਾਰੀ ਵਾਸਤੇ ਬਜ਼ੁਰਗਾਂ ਅਤੇ ਨੌਜਵਾਨਾਂ ਵਿਚ ਇੱਕ ਸਾਂਝ ਜਾਂ ਜ਼ਬਤ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਬਜ਼ੁਰਗਾਂ ਦਾ ਕਰਤੱਵ ਆਪਣੇ ਨਿਜੀ, ਡੂੰਘੇ ਤੇ ਵਿਸ਼ਾਲ ਤਜਰਬਿਆਂ ਦੇ ਆਧਾਰ ਉਤੇ ਨੌਜਵਾਨਾਂ ਨੂੰ ਅਗਵਾਈ ਦੇਣਾ ਹੁੰਦਾ ਹੈ। ਤੇ ਨੌਜਵਾਨਾਂ ਦਾ ਕਰਤੱਵ ਬਜ਼ੁਰਗਾਂ ਦੀ ਅਗਵਾਈ ਤੋਂ ਲਾਭ ਉਠਾ ਕੇ,'ਕੌਮ' ਨੂੰ ਨਵਾਂ ਖ਼ੂਨ, ਨਵਾਂ ਉਤਸ਼ਾਹ ਤੇ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕਰਨਾ ਹੁੰਦਾ ਹੈ। ਜਿਸ 'ਕੌਮ' ਵਿਚ ਬਜ਼ੁਰਗਾਂ ਅਤੇ ਨੌਜਵਾਨਾਂ ਵਿਚ ਆਤਮਕ ਸਾਂਝ ਜਾਂ ਜ਼ਬਤ ਹੈ, ਉਹ 'ਕੌਮ' ਸਦਾ ਵਿਕਾਸ ਦੀਆਂ ਸਿਖਰਾਂ ਛੂੰਹਦੀ ਰਹੇਗੀ। ਤੇ ਜਿਹੜੀ 'ਕੌਮ' ਨੌਜਵਾਨਾਂ ਨਾਲੋਂ ਆਪਣੀ ਸਾਂਝ ਤੋੜ ਲਵੇ। ਉਹ 'ਕੌਮ' ਮਾਣ ਅਤੇ ਗੌਰਵ ਨਾਲ ਬਹੁਤਾ ਚਿਰ ਜੀਉ ਨਹੀਂ ਸਕਦੀ।

ਸਿੱਖ ਕੌਮ ਦੀ ਅਜੋਕੀ ਡਾਵਾਂ-ਡੋਲ ਦਸ਼ਾ ਦੇ ਕਾਰਨ ਤਾਂ ਕਈ ਹੋ ਸਕਦੇ ਹਨ, ਪਰ ਇਸ ਦਸ਼ਾ ਦਾ ਸਪਸ਼ਟ ਤੇ ਇਕ ਕਾਰਨ ਇਹ ਵੀ ਹੈ, ਕਿ ਸਿੱਖ ਬਜ਼ੁਰਗਾਂ ਤੇ ਸਿੱਖ ਨੌਜਵਾਨਾਂ ਵਿਚ ਨਾ ਤਾਂ ਆਤਮਕ-ਸਾਂਝ ਰਹੀ ਹੈ ਅਤੇ ਨਾ ਹੀ ਕੋਈ ਜ਼ਬਤ ਰਿਹਾ ਹੈ। ਬਜ਼ੁਰਗਾਂ ਵਿਚ ਸਿੱਖੀ ਵੀ ਹੈ, ਸਿੱਖੀ-ਸੇਵਾ ਤੇ ਸੰਭਾਲ ਦਾ ਜਜ਼ਬਾ ਵੀ ਹੈ, ਕੌਮ-ਉਸਾਰੀ ਵਾਸਤੇ ਉਤਸ਼ਾਹ ਵੀ ਹੈ------ ਸਭ ਕੁਝ ਹੈ, ਪਰ ਸਿੱਖ ਨੌਜਵਾਨਾਂ ਨੂੰ ਸੰਭਾਲਣ ਜਾਂ ਉਹਨਾਂ ਨਾਲ ਸਾਂਝ ਪਾ ਕੇ ਜੀਊਣ ਦੀ ਚੇਤੰਨਤਾ ਨਹੀਂ। ਚੇਤੰਨਤਾ ਦੀ ਘਾਟ ਕਾਰਨ ਹੀ 'ਸਿੱਖ ਨੌਜਵਾਨ' ਸਿੱਖ ਬਜ਼ੁਰਗਾਂ ਨਾਲੋਂ ਆਪਣੀ ਸਾਂਝ ਤੋੜ ਰਿਹਾ ਹੈ। ਸਾਂਝ ਹੀ ਨਹੀਂ ਤੋੜ ਰਿਹਾ, ਸਗੋਂ ਬਜ਼ੁਰਗਾਂ ਦੀ ਕੀਤੀ ਕਮਾਈ ਤੇ ਨਿਸਚਿਤ ਕੀਤੀ 'ਜੀਵਨ ਰਹਿਤ' ਤੋਂ ਵੀ ਅੱਖਾਂ ਮੀਟ


www.AKJ.Org

ਰਿਹਾ ਹੈ। ਜਦੋਂ 'ਸਿੱਖ ਨੌਜਵਾਨ' ਬਜ਼ੁਰਗਾਂ ਦੀ ਕੀਤੀ ਕਮਾਈ ਤੇ ਨਿਸ਼ਚਿਤ ਕੀਤੀ 'ਜੀਵਨ-ਰਹਿਤ ਨਾਲੋਂ ਟੁੱਟ ਜਾਵੇਗਾ, ਤਾਂ ਸੁਭਾਵਕ ਹੈ, ਕਿ ਉਹ ਉਹਨਾਂ ਕੌਮਾਂ ਵਲ ਝੁੱਕ ਜਾਵੇਗਾ, ਉਹਨਾਂ ਵਿਚਾਰ-ਪ੍ਰੰਪਰਾਵਾਂ ਨੂੰ ਅਪਣਾ ਲਵੇਗਾ, ਉਹਨਾਂ ਜੀਵਨ-ਰਹਿਣੀਆਂ ਨੂੰ ਹੀ ਪਸੰਦ ਕਰੇਗਾ; ਜਿਹੜੀਆਂ ਉਸ ਦੇ ਜਵਾਨ ਖੂਨ ਤੇ ਜਵਾਨ ਉਤਸ਼ਾਹ ਨੂੰ ਸੰਤੁਸ਼ਟ ਕਰਦੀਆਂ ਹਨ। ਇਹੀ ਕਾਰਨ ਹੈ, ਕਿ ਅੱਜ "ਸਿੱਖ ਨੌਜਵਾਨ' ਸਿੱਖੀ ਛੱਡ ਕੇ ਹੋਰ ਕੌਮਾਂ ਵਿਚ ਪਰਵੇਸ਼ ਕਰ ਰਿਹਾ ਹੈ। ਸਿੱਖ ਵਿਚਾਰ-ਪ੍ਰੰਪਰਾ ਤਿਆਗ ਕੇ ਹੋਰ ਵਿਚਾਰ-ਪ੍ਰੰਪਰਾਵਾਂ ਦਾ ਅਨੁਸਾਰੀ ਬਣ ਰਿਹਾ ਹੈ, ਕਕਾਰ-ਸਰੂਪ ਤਿਆਗ ਕੇ ਕੋਈ ਹਿੱਪੀ ਤੇ ਕਦੀ ਕੁਝ ਹੋਰ ਬਣਨ ਵਿਚ ਖੁਸ਼ੀ ਮਹਿਸੂਸ ਕਰ ਰਿਹਾ ਹੈ। ਅਜਿਹਾ ਕਿਉਂ ਹੋ ਰਿਹਾ ਹੈ ? ਇਸ ਦੇ ਕੁਝ ਕਾਰਨ ਵੀ ਹਨ :-

(1) ਸਿੱਖ ਨੌਜਵਾਨਾਂ ਨੂੰ ਘਰ-ਪਰਿਵਾਰ ਤੋਂ ਸਿੱਖੀ-ਸਿਖਿਆ ਨਹੀਂ ਮਿਲ ਰਹੀ।

(2) ਜਿਸ ਵਿਦਿਆ-ਮੰਦਰ ਵਿਚੋਂ ਪੜ੍ਹ ਕੇ ਉਹ ਆਪਣੀ ਸ਼ਖਸੀਅਤ ਨੂੰ ਸਿਰਜਦਾ ਹੈ, ਉਥੇ ਕੋਈ ਸਿੱਖੀ ਤੇ ਸਿੱਖ ਰਹਿਤ ਦਾ ਪ੍ਰਚਾਰ-ਪ੍ਰਬੰਧ ਨਹੀਂ।

(3) ਜਿਸ ਵਾਯੂ-ਮੰਡਲ ਵਿਚ ਉਹ ਬੈਠਦਾ-ਉਠਦਾ ਹੈ, ਉਸ ਉਤੇ ਮਾਰਕਸਵਾਦੀ ਤੇ ਪਦਾਰਥਵਾਦੀ ਵਿਚਾਰ-ਪ੍ਰੰਪਰਾਵਾਂ ਹਾਵੀ ਹਨ।

(4) ਸਿੱਖ-ਸ਼੍ਰੋਮਣੀ ਕਮੇਟੀਆਂ ਵਲੋਂ ਸਿੱਖੀ ਤੇ ਸਿੱਖ ਰਹਿਤ ਦੇ ਪ੍ਰਚਾਰ ਵਾਸਤੇ, ਦੇਸ ਤੇ ਵਿਦੇਸ ਵਿਚ, ਕਿਧਰੇ ਵੀ ਕੋਈ ਸੰਤੋਖ-ਜਨਕ ਪ੍ਰਬੰਧ ਨਹੀਂ।

(5) ਸਿੱਖ ਧਰਮ ਤੇ ਸਿੱਖ ਰਹਿਤ ਦੀ ਸਰਬ ਪੱਖੀ ਤੇ ਸ਼ੁਧ ਵਿਆਖਿਆ ਕਰਨ ਵਾਲਾ ਇਕ ਵੀ ਅਜਿਹਾ ਰਸਾਲਾ ਨਹੀਂ, ਜਿਹੜਾ ਸਮੁੱਚੀ ਸਿੱਖ ਕੌਮ ਨੂੰ ਆਪਣੀ ਲਪੇਟ ਵਿਚ ਲਿਆ ਸਕਿਆ ਹੋਵੇ।

(6) ਸਿੱਖ ਸੰਸਥਾਵਾਂ ਉਤੇ ਅਯੋਗ, ਆਚਰਣ-ਹੀਣ ਤੇ ਨਿਰੋਲ ਸਿਆਸੀ ਨੇਤਾਵਾਂ ਦੇ ਕਾਬਜ਼ ਹੋ ਜਾਣ ਨਾਲ ਸਿੱਖੀ ਤੇ ਸਿਖ ਰਹਿਤ ਦੇ ਪ੍ਰਚਾਰ ਨੂੰ ਕਾਫੀ ਸੱਟ ਲੱਗੀ ਹੈ।

**ਉਪ੍ਰੋਕਤ ਕਾਰਨਾਂ ਕਰਕੇ ਵੀ ਸਿੱਖ ਕੌਮ ਦਾ ਜ਼ਬਤ ਟੁਟ ਰਿਹਾ ਹੈ। ਜ਼ਬਤ ਦੇ ਟੁਟਣ ਨਾਲ ਹੀ 'ਸਿੱਖ ਕੌਮ' ਹਰ ਪੱਖੋਂ ਬਿਖਰ ਗਈ ਹੈ।** ਜਿਵੇਂ 'ਦੌਲਤ ਰਾਇ' ਨੇ ਭਾਰਤੀ ਹਿੰਦੂਆਂ ਤੇ ਟੀਕਾ ਟਿਪਣੀ ਕਰਦਿਆਂ ਆਖਿਆ ਸੀ, ਕਿ "ਇਹਨਾਂ ਦਾ ਇਸ਼ਟ ਇਕ ਨਹੀਂ, ਇਹਨਾਂ ਦਾ ਪੂਜਾ ਢੰਗ ਇਕ ਨਹੀਂ, ਇਹਨਾਂ ਦਾ ਪਹਿਰਾਵਾ ਇਕ ਨਹੀਂ, ਇਹਨਾਂ ਦੀ ਵਿਚਾਰ-ਪ੍ਰੰਪਰਾ ਇਕ ਨਹੀਂ, ਇਹਨਾਂ ਦੀ ਮਰਯਾਦਾ ਇਕ ਨਹੀਂ, " **ਕੁਝ ਇਸੇ ਤਰਾਂ ਸਿੱਖ ਕੌਮ ਵੀ ਆਪੋ ਆਪਣੀ ਪੂਜਾ-ਵਿਧੀ, ਪਹਿਰਾਵਾ, ਵਿਚਾਰ-ਪ੍ਰੰਪਰਾ ਤੇ ਮਰਯਾਦਾ ਨੂੰ ਚਲਾਣ ਵਿਚ ਮਸਤ ਹੈ। ਜਿਸ ਏਕਤਾ ਅਤੇ ਇਕਸੁਰਤਾ ਦਾ ਜੀਵਨ ਗੁਰੂ ਸਾਹਿਬਾਂ ਨੇ ਸਿੱਖਾਂ ਨੂੰ ਪ੍ਰਦਾਨ ਕੀਤਾ ਸੀ, ਉਹ ਹੁਣ ਖੰਭ ਲਾ ਕੇ ਉਡਦਾ ਨਜ਼ਰ ਆ ਰਿਹਾ ਹੈ। ਜਦੋਂ ਬਜ਼ੁਰਗ ਨੇਤਾਵਾਂ ਦਾ ਧਿਆਨ ਆਪਣੀ ਆਪਣੀ ਲੀਡਰੀ ਨੂੰ ਸਥਾਪਿਤ ਤੇ ਸੁਰਖਿਅਕ ਰਖਣ ਵਲ ਮੁੜ ਜਾਵੇ, ਤਾਂ ਸਿੱਖ ਨੌਜਵਾਨਾਂ ਨੂੰ ਸਿੱਖੀ ਤੇ ਸਿੱਖ ਰਹਿਤ ਦੀਆਂ ਰਮਜ਼ਾਂ ਤੇ ਗੌਰਵਸ਼ਾਲੀ ਪ੍ਰਾਪਤੀਆਂ ਬਾਰੇ ਕੌਣ ਸਮਝਾਵੇਗਾ।** ਜਿਨ੍ਹਾਂ ਨੇ ਭਵਿੱਖ ਵਿਚ 'ਕੌਮ' ਦੇ ਵਾਰਿਸ ਬਣਨਾ ਹੈ, ਜੇ ਉਹਨਾਂ ਵਿਚ ਹੀ ਸਿੱਖੀ ਨਹੀਂ, ਜੇ ਉਹ ਹੀ ਸਿੱਖ ਰਹਿਤ ਦੇ ਧਾਰਨੀ ਨਹੀਂ, ਤਾਂ ਉਹ ਸਿੱਖ ਧਰਮ ਤੇ ਸਿੱਖ ਪੰਥ ਦੀ ਸੰਭਾਲ, ਸੁਰਖਿਆ ਤੇ ਅਗਵਾਈ ਕਿਵੇਂ ਕਰ ਸਕਦੇ ਹਨ ?

ਸਿੱਖ ਧਰਮ ਤੇ ਸਿੱਖ ਪੰਥ ਨੂੰ ਉਜਲ-ਮੁਖੀ ਵੇਖਣ ਵਾਸਤੇ ਹਰ ਸਿੱਖ ਨੂੰ ਹੇਠ ਲਿਖੇ ਦੋ ਕਾਰਜ ਆਪਣੇ ਜੀਵਨ ਦਾ ਅੰਗ-ਸੰਗ ਬਣਾ ਲੈਣੇ ਚਾਹੀਦੇ ਹਨ :-

(1) ਪਹਿਲਾ ਕਾਰਜ

(ੳ) ਵਿਅਕਤੀਗਤ ਰੂਪ ਵਿਚ ਹਰ ਸਿੱਖ 'ਸਿੱਖ-ਪੰਥ, ਸਿੱਖ ਜ਼ਬਤ ਤੇ ਸਿੱਖ ਕਕਾਰ ਦਾ ਧਾਰਨੀ ਬਣੇ।

(ਅ) ਹਰ ਸਿੱਖ ਦਾ ਇਸ਼ਟ, ਪੂਜਾ-ਢੰਗ, ਪਹਿਰਾਵਾ ਤੇ ਪੰਥ-ਆਦਰਸ਼ ਗੁਰੂ ਸਾਹਿਬਾਂ ਵਾਲਾ ਹੋਵੇ।

(ੲ) ਹਰ ਸਿੱਖ ਦੂਜੇ ਸਿੱਖ ਨੂੰ ਮਿਲ ਕੇ ਖੁਸ਼ੀ ਦਾ ਪ੍ਰਗਟਾਵਾ ਕਰੇ।

(ਸ) ਹਰ 'ਸਿੱਖ' ਸਿੱਖ ਸਾਹਿਤ ਤੇ ਸਿੱਖ ਇਤਿਹਾਸ ਦਾ ਆਪ ਅਧਿਅਨ ਕਰੇ।

(ਹ) ਹਰ ਸਿੱਖ ਜਿਥੇ ਵੀ ਬੈਠਾ ਹੈ, ਉਹ ਸਿੱਖਾਂ ਦੀ ਕੇਂਦਰੀ ਸ਼ਕਤੀ ਜਾਂ ਸੰਸਥਾ ਆਪਣੇ ਆਪ ਨੂੰ ਪ੍ਰਤੀਨਿਧ ਸਮਝੇ। ਇਸ ਤਰਾਂ ਹਰ-ਪਰਿਵਾਰ ਵਿਚ ਸਿੱਖੀ ਤੇ ਸਿੱਖ ਵਾਤਾਵਰਣ ਉਪਜ ਪੈਣ ਨਾਲ ਸਿੱਖੀ ਤੋਂ ਪਤਿਤ ਹੋਣ ਵਾਲਿਆਂ ਦੀ ਗਿਣਤੀ ਬਿਲਕੁਲ ਹੀ ਮੁਕ ਜਾਵੇਗੀ।

(ਬਾਕੀ ਪੰਨਾ ੨੮ ਤੇ )


www.AKJ.Org

# ਕੇਸਕੀ ਦੀ ਸ਼ੋਭਾ

(ਰਨਦੀਪ ਸਿੰਘ)

ਦਸਮੇਸ਼ ਪਿਤਾ ਜੀ ਨੇ ਖਾਲਸੇ ਨੂੰ ਨਿਆਰਾ ਪਹਿਰਾਵਾ ਬਖਸ਼ਦਿਆਂ ਹੋਇਆ ਹੁਕਮ ਜਾਰੀ ਕੀਤਾ "ਕਿ ਸਭ ਸਿੱਖ ਪੂਰੇ ਕੇਸ ਰੱਖਣ। ਕੇਸ ਗੁਰੂ ਕੀ ਮੋਹਰ ਹਨ।" ਇਸ ਦੇ ਨਾਲ ਹੀ ਕੇਸਾਂ ਦੀ ਸੰਭਾਲ ਕਰਨ ਲਈ ਦਿਹਾੜੀ ਵਿਚ ਦੋ ਵਾਰੀ ਕੰਘਾ ਕਰਨ ਲਈ ਕਿਹਾ। ਆਪਣੀ ਅਤੇ ਮਜਲੂਮਾ ਦੀ ਰੱਖਿਆ ਵਾਸਤੇ ਕਿਰਪਾਨ ਪਹਿਨਣ ਲਈ ਕਿਹਾ। ਸਰੀਰਕ ਉੱਦਮ ਲਈ ਧੋਤੀ ਚਾਦਰ ਦੀ ਜਗ੍ਹਾ ਕਛਹਿਰਾ ਪਹਿਨਣ ਲਈ ਕਿਹਾ। ਅਤੇ ਸੱਜੇ ਹੱਥ ਵਿਚ ਕੜਾ ਪਹਿਨਣ ਲਈ ਕਿਹਾ। ਇਹ ਰਹਿਤ ਮਰਿਯਾਦਾ ਸਭਨਾ ਲਈ ਪ੍ਰਚੱਲਤ ਕੀਤੀ। ਇਸਤਰੀਆਂ ਲਈ ਕੋਈ ਅਲੱਗ ਮਰਿਯਾਦਾ ਨਹੀਂ ਚਲਾਈ। ਕਿਉਂਕਿ ਗੁਰੂ ਇਕ, ਅੰਮ੍ਰਿਤ ਇਕ, ਨਾਮ ਇਕ, ਇਸ ਲਈ ਗੁਰਸਿੱਖੀ ਮਾਰਗ ਵੀ ਇਕ ਹੀ ਹੋਣਾ ਲਾਜ਼ਮੀ ਸੀ। ਇਕ ਮਰਯਾਦਾ ਅਤੇ ਇਕ ਲਿਬਾਸ ਦੇ ਕਾਰਨ ਖਾਲਸਾ ਵੀ ਇਕ ਹੈ ਅਤੇ ਖਾਲਸਾ ਜੀ ਦਾ ਦਰਸ਼ਨ ਵੀ ਇਕ ਸਮਾਨ ਹੀ ਹੈ। ਇਹ ਦਰਸ਼ਨ ਚੜ੍ਹਦੀਆਂ ਕਲਾਂ ਵਾਲਾ ਦਰਸ਼ਨ ਹੈ। ਇਹ ਕਲਗੀਧਰ ਜੀ ਦਾ ਖਾਸ ਦਰਸ਼ਨ ਹੈ। ਖਾਸ ਰੂਪ ਇਕ ਹੀ ਰੂਪ ਹੋਇਆ ਕਰਦਾ ਹੈ, ਇਕ ਤੋਂ ਜਿਆਦਾ ਨਹੀਂ। ਇਸ ਲਈ ਕੇਸ-ਕਰਾਰੀ , ਦਸਤਾਰੀ ਦਰਸ਼ਨ, ਭਰਪੂਰ-ਰਹਿਤ ਸਭ ਸਿੱਖਾਂ ਲਈ ਸਾਂਝੀ ਹੈ।

ਪੰਥ ਵਿਚ ਬੀਬੀਆਂ ਦੇ ਦਸਤਾਰ ਸਜਾਉਣ ਬਾਰੇ ਕੁਝ ਮੱਤ ਭੇਦ ਦੀ ਗੁੰਝਲਤਾ ਜਿਹੀ ਖੜੀ ਹੋ ਗਈ। ਥੋੜੀ ਗਿਣਤੀ ਵਿੱਚ ਤਾਂ ਬੀਬੀਆਂ ਦਸਤਾਰ ਦੇ ਹੱਕ ਵਿਚ ਹਨ। ਪਰ ਬਹੁਤ ਗਿਣਤੀ ਵਿਚ ਬੀਬੀਆਂ ਇਸ ਦੇ ਖਿਲਾਫ ਹਨ। ਕਛਹਿਰਾ, ਕੜਾ, ਕੰਘਾ ਅਤੇ ਕ੍ਰਿਪਾਨ ਬਾਰੇ ਸਾਰੇ ਸਹਿਮਤ ਹਨ ਕਿ ਹਰ ਅੰਮ੍ਰਿਤਧਾਰੀ ਨੂੰ ਪਹਿਨਣੇ ਚਾਹੀਦੇ ਹਨ। ਕੇਸ ਤਾਂ ਗੁਰੂ ਕੀ ਮੋਹਰ ਹੋਣ ਦੇ ਨਾਤੇ ਹਰ ਅੰਮ੍ਰਿਤਧਾਰੀ ਦੇ ਸੀਸ ਉਤੋਂ ਹੋਣੇ ਲਾਜ਼ਮੀ ਹਨ। ਇਹ ਤਾਂ ਸਰੀਰ ਤੋਂ ਆਪਣੇ ਆਪ ਅਲੱਗ ਹੋਣੋਂ ਰਹੇ। ਇਸ ਨੂੰ ਬਾਕੀ ਕਕਾਰਾਂ ਦੀ ਤਰ੍ਹਾਂ ਪਹਿਨਣ ਦਾ ਸਵਾਲ ਹੀ ਨਹੀਂ ਉਠਦਾ। ਸਵਾਲ ਤਾ ਇਨ੍ਹਾਂ ਕੇਸਾਂ ਦੀ ਸੰਭਾਲ ਦਾ ਹੈ, ਸੰਭਾਲ ਵੀ ਗੁਰ-ਦਰਸਾਈ ਮਰਯਾਦਾ ਅਨੁਸਾਰ ਦੋ ਵਾਰੀ ਕੰਘਾ ਕਰਨਾ ਅਤੇ ਦਸਤਾਰ ਬੰਨ੍ਹਣ ਦਾ ਹੈ।

ਅੱਜ ਕੱਲ੍ਹ ਸਭ ਬੀਬੀਆਂ ਨੇ ਮਨਮਤੀਆਂ ਦੀ ਕੁ-ਰੀਸੇ ਗੁਰੂ ਦੀ ਮੋਹਰ ਦਾ ਅਦਬ ਇਕ ਪਾਸੇ ਰੱਖ ਦਿਤਾ ਅਤੇ ਪਾਵਨ ਮੋਹਰ ਨੂੰ ਫੈਸ਼ਨ ਦਾ ਵਸੀਲਾ ਬਣਾ ਲਿਆ, ਜੇ ਅੱਜ ਕਿਸੇ ਬੀਬੀ ਦਾ ਦਸਤਾਰ ਸਜਾਉਣ ਵੱਲ ਧਿਆਨ ਕਰਾਉਣ ਦੀ ਕੋਸ਼ਿਸ਼ ਕਰੀਏ ਤਾਂ ਤੁਰੰਤ ਜਵਾਬ ਮਿਲਦਾ ਹੈ। ਕਿ ਦਸਤਾਰ ਆਦਮੀਆਂ ਦਾ ਪਹਿਰਾਵਾ ਹੈ, ਤੀਵੀਆਂ ਦਾ ਨਹੀਂ। ਇਸ ਵਿਚਾਰ ਨਾਲ ਬਹੁਤ ਸਾਰੇ ਮਰਦ ਵੀ ਸਹਿਮਤ ਹਨ। ਸਾਡੀ ਵਿਚਾਰ-ਦ੍ਰਿਸ਼ਟੀ ਦੀ ਤਸੱਲੀ ਲਈ ਬੀਬੀਆਂ ਆਦਮੀਆਂ ਵਰਗੀਆਂ ਪੈਂਟਾਂ ਤੇ ਕਮੀਜ਼ਾਂ ਪਹਿਨ ਸਕਦੀਆਂ ਹਨ। ਅਤੇ ਆਦਮੀਆਂ ਵਾਂਗ ਹਜ਼ਾਮਤਾ ਵੀ ਕਰਵਾ ਸਕਦੀਆਂ ਹਨ। ਐਸੇ ਫੈਸ਼ਨ ਤੇ ਮਰਦਾਨਾ ਲਿਬਾਸ ਵਿਚ ਫਿਰਦੀਆਂ ਹੋਈਆਂ ਬੱਚੀਆਂ ਸਾਨੂੰ ਬਾ-ਖੁਸ਼ੀ ਪ੍ਰਵਾਨ ਹਨ। ਪਰ ਜੇ ਕੇਸਕੀ ਸਜਾਉਣ ਦਾ ਨਾਮ ਲਿਆ ਜਾਏ ਤਾਂ ਸਾਨੂੰ ਸਿੱਧੀ ਗੋਲੀ ਵੱਜਦੀ ਹੈ।

*"ਸਾਬਤ ਸੂਰਤਿ ਦਸਤਾਰ ਸਿਰਾ"* ਹੁਕਮ ਰਾਹੀਂ ਸਤਿਗੁਰੂ ਸਾਨੂੰ ਕਹਿ ਰਹੇ ਹਨ ਕਿ "ਹੇ ਸਿੱਖੋਂ, ਆਪਣੀ ਸੂਰਤਿ ਨੂੰ ਸਾਬਤ ਰੱਖੋ। ਨੱਕ ਕੰਨ ਨਾ ਵਿਨਾਉ। ਸੁੰਨਤ ਨਾ ਕਰੋ, ਮੁੰਨਤ ਨਾ ਕਰੋ। ਕੇਸਾਂ ਸਮੇਤ ਸੂਰਤ ਨੂੰ ਸਾਬਤ ਰੱਖੋ ਅਤੇ ਕੇਸਾਂ ਦੀ ਪ੍ਰੇਮ ਸਹਿਤ ਸੰਭਾਲ ਕਰੋ। ਇਸ ਪ੍ਰਕਾਰ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਅਸੀਂ ਤਾਹੀਓਂ ਹੀ ਸਿੱਖ ਕਹਿਲਾਉਣ ਦੇ ਹੱਕਦਾਰ ਹਾਂ।

ਕੇਸਾਂ ਨਰ ਧਾਰੇ ਹੈ ਜਬ ਹੀ।
ਪੂਰਨ ਰੂਪ ਹੋਇ ਹੈ ਤਬ ਹੀ।।

ਕੇਸ ਤੋਂ ਬਿਨਾਂ ਸੂਰਤਿ ਸਾਬਤ ਨਹੀਂ ਹੋ ਸਕਦੀ ਅਤੇ ਦਸਤਾਰ ਤੋਂ ਬਿਨਾਂ ਕੇਸ ਸੰਭਾਲੇ ਨਹੀਂ ਜਾਂ ਸਕਦੇ। ਦਸਤਾਰ ਤੋਂ ਬਿਨਾਂ ਗੁਰੂ ਦੀ ਮੋਹਰ ਦੀ ਸੰਭਾਲ ਨਹੀਂ ਹੋ ਸਕਦੀ। ਨੰਗੇ ਸਿਰ ਘੱਟਾ, ਮਿੱਟੀ, ਧੂੰਆਂ ਅਤੇ ਹੋਰ ਭੁਸ-ਥੇਹ ਪੈਂਦੀ ਹੀ ਰਹੇਗੀ। ਜੂਠੇ ਹੱਥ ਵੀ ਕੇਸਾਂ ਨੂੰ ਲਗਦੇ ਰਹਿਣਗੇ। ਇਹ ਗੁਰੂ ਦੀ ਮੋਹਰ ਦੀ ਬੇਅਦਬੀ ਹੈ। ਗੁਰੂ ਨੂੰ ਆਪਣੀ ਮੋਹਰ ਦੀ ਬੇਅਦਬੀ ਨਹੀਂ ਭਾਉਂਦੀ। ਤਾਹੀਓਂ ਹੀ ਉਨ੍ਹਾਂ ਨੇ ਆਪਣੀ ਮੋਹਰ ਦੀ ਸੰਭਾਲ ਲਈ ਦੋ ਸੇਵਾਦਾਰ ਇਸ ਮੋਹਰ ਦੀ ਦੇਖਭਾਲ ਲਈ ਮੁੱਕਰਰ ਕਰ ਦਿੱਤੇ ਹਨ। ਕੰਘਾ ਅਤੇ ਦਸਤਾਰ। ਇਸ ਵਿਚ ਕੋਈ ਸ਼ੰਕਾ ਨਹੀਂ ਕਿ ਅੰਮ੍ਰਿਤਧਾਰੀ ਪ੍ਰਾਣੀਆਂ ਲਈ ਦਸਤਾਰ ਦਾ ਸਜਾਉਣਾ ਅਤਿ ਜ਼ਰੂਰੀ ਹੈ। ਦਸਤਾਰ ਸਜੀਵੀ ਪੱਕੀ ਰਹਿਤ-ਮਰਯਾਦਾ ਤਾਂ ਹੀ ਪੂਰੀ ਤਰ੍ਹਾਂ ਨਿਭ ਸਕਦੀ ਹੈ ਜੇ ਦਸਤਾਰ ਨੂੰ ਕੇ ਸਕੀ ਦੇ ਨਾਮ ਨਾਲ ਪੰਜਵਾ ਕਕਾਰ ਪ੍ਰਵਾਨ ਕੀਤਾ ਜਾਵੇ। ਕੇਸ ਤਾਂ ਗੁਰੂ ਦੀ ਮੋਹਰ ਹੈਂ ਹੀ। ਕੇਸਾਂ ਨੂੰ ਗੁਰੂ

(ਬਾਕੀ ਪੰਨਾ ੩੨ ਤੇ ...)


www.AKJ.Org

# ਲੜੀਦਾਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ

(ਜਥੇਦਾਰ ਭਾਈ ਰਾਮ ਸਿੰਘ ਜੀ )

ਹੱਦੋਂ ਪਰੇ ਦੀਆਂ ਕੁਰਬਾਨੀਆਂ ਅਤੇ ਕਠਨਾਈਆਂ ਵਾਲੇ ਗੁਰਸਿੱਖੀ ਮਾਰਗ ਦਾ ਇਹ ਪਰਚਾਰ, ਵਾਹਿਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸਾਂ ਜਾਮਿਆਂ ਵਿਚ ਆਪਣੀ ਜੋਤਿ ਧਾਰ ਕੇ ਕਿਉਂ ਕੀਤਾ ? ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਗੁਰੂ-ਜੋਤਿ ਬਖਸ਼ ਕੇ ਗੁਰਗੱਦੀ ਉੱਤੇ ਹਮੇਸ਼ਾ ਲਈ ਅਸਥਾਪਨ ਕਰਨ ਹਿਤ ਇਹ ਸਭ ਰਚਨਾ ਰਚੀ, ਤਾਂ ਜੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਥੱਲੇ ਗੁਰਸਿਖ, ਗੁਰਸਿੱਖੀ ਮਾਰਗ ਤੇ ਚਲਦੇ ਹੋਏ, ਨਾਮ ਬਾਣੀ ਦਾ ਰਸ ਮਾਣਦੇ ਹੋਏ, ਮਾਣਸ ਜਨਮ ਸਫਲਾ ਕਰਦੇ ਹੋਏ, ਮੁਖ ਉਜਲਾ ਲੈ ਕੇ ਹਰਿ ਦਰਗਹਿ ਪੈਧੇ ਜਾਵਣ। ਇਹ ਹੈ ਝਾਕੀ ਅਸਲੀ ਗੁਰਸਿੱਖੀ ਜੀਵਨ ਦੀ, ਕਰੜੇ ਅਤੇ ਮਹਿੰਗੇ ਮੁੱਲ ਲਏ ਗੁਰਸਿੱਖੀ ਜੀਵਨ ਦੀ, ਸਿਰ ਦੇ ਕੇ ਮੁੱਲ ਲਏ ਹੋਏ ਗੁਰਸਿੱਖੀ ਜੀਵਨ ਦੀ (ਮੈਤਉਮੋਲਿਮਹਗੀ ਲਈ ਜੀਅਸਟੈ।।੬੯੪)

ਹੁਣ ਦੇਖੋ ਸੌਖੇ, ਅਨੰਦ-ਮਈ, ਮੌਜਾਂ ਭਰੇ ਕਹਾਉਤੀ ਗੁਰਸਿੱਖੀ ਜੀਵਨ ਦੀ ਝਾਕੀ। ਸੁਖਿਆਰੇ ਅਤੇ ਚਾਤੁਰ ਗੁਰਸਿੱਖਾਂ ਨੂੰ ਲੜੀਦਾਰ ਬਾਣੀ (ਜੁੜਤ ਸ਼ਬਦਾਂ ਵਾਲੀ ਰੱਬੀ ਰਜ਼ਾ ਅੰਦਰਿ ਰਚੀ ਹੋਈ ਬਾਣੀ) ਦਾ ਪਾਠ ਕਰਨਾ ਮੁਸ਼ਕਲ, ਔਖਾ ਤੇ ਮਹਿੰਗਾ ਲਗਦਾ ਹੈ। ਇਨ੍ਹਾਂ ਨੇ ਆਪਣੀ ਸਹੂਲਤ ਵਾਸਤੇ ਲੜੀਦਾਰ ਬਾਣੀ ਨੂੰ ਪਦ-ਛੇਦ ਬਾਣੀ ਦਾ ਰੂਪ ਦੇ ਦਿੱਤਾ ਹੈ। ਇਨ੍ਹਾਂ ਦਾ ਖ਼ਿਆਲ ਹੈ ਕਿ, ਰੱਬ ਨੇ ਲੜੀਦਾਰ ਰੂਪ ਵਿਚ ਬਾਣੀ ਰਚਣ ਦੀ ਗ਼ਲਤੀ ਕੀਤੀ ਹੈ, ਕਿਉਂਕਿ ਲੜੀਦਾਰ ਬਾਣੀ ਨਾਲ ਗੁਰਸਿੱਖੀ ਦਾ ਪਰਚਾਰ ਹੋਣਾ ਅਤਿਯੰਤ ਮੁਸ਼ਕਿਲ ਹੈ ਅਤੇ ਇਸ ਰਫ਼ਤਾਰ ਦੇ ਜ਼ਮਾਨੇ ਵਿਚ ਅਸੰਭਵ ਹੈ। ਕਿਸੇ ਦੀ ਅਗਵਾਈ ਲਏ ਬਿਨਾਂ ਲੜੀਦਾਰ ਬਾਣੀ ਦਾ ਪਾਠ ਨਹੀਂ ਹੋ ਸਕਦਾ, ਪਦ-ਛੇਦ ਬਾਣੀ ਦਾ ਪਾਠ ਦੂਜੀ ਤੀਜੀ ਜਮਾਤ ਵਿਚ ਪੜ੍ਹਨ ਵਾਲੇ ਬੱਚੇ ਭੀ ਕਰ ਸਕਦੇ ਹਨ , ਚੌਥੀ ਪੰਜਵੀਂ ਵਿਚ ਪੜ੍ਹਨ ਵਾਲੇ ਬੱਚੇ ਤਾਂ ਅਖੰਡ ਪਾਠ ਭੀ ਕਰ ਸਕਦੇ ਹਨ।

ਅਜਿਹੀ ਚਤੁਰਾਈ ਭਰੇ ਵਿਚਾਰ ਵਾਲੇ ਸਿੱਖਾਂ ਨੇ ਇਹ ਕਦੇ ਨਹੀਂ ਸੋਚਿਆ ਕਿ ਰੱਬ, ਜਿਸ ਦਾ ਕਲਜੁਗ ਵਿਚ ਬਾਣੀ ਰਚਣ ਦਾ ਆਦਿ ਧੁਰ-ਧੁਰੰਦਰੀ ਪ੍ਰੋਗਰਾਮ ਸੀ, ਅਤੇ ਜਿਸ ਨੇ ਦੋ ਸੌ ਸਾਲ ਤੋਂ ਉਪਰ ਦਾ ਸਮਾਂ ਲੜੀਦਾਰ ਬਾਣੀ ਰਚਣ ਹਿਤ ਦਸ ਗੁਰ-ਜਾਮੇ ਧਾਰ ਕੇ ਲਗਾਇਆ, ਕੀ ਉਸ ਰੱਬ ਨੂੰ ਇਹ ਵੀ ਪਤਾ ਨਹੀਂ ਸੀ ਕਿ ਇਸ ਬਾਣੀ ਦਾ ਠੀਕ ਸਰੂਪ ਪਦ-ਛੇਦ ਹੋਵੇਗਾ ਲੜੀਦਾਰ ? ਕੀ ਇਸ ਦਾ ਇਲਮ ਕੇਵਲ ਅੱਜ ਕੱਲ ਦੇ ਚਾਤੁਰ, ਸੁਖ-ਰਹਿਣੇ ਅਤੇ ਦਿੱਲੜ ਸਿੱਖਾਂ ਨੂੰ ਹੀ ਹੋਣਾ ਸੀ ਕਿ ਪਦ ਛੇਦ ਸਰੂਪ ਹੀ ਠੀਕ ਬੈਠੇਗਾ ? ਇਹ ਕੈਸੀ ਕੋਝੀ ਅਤੇ ਖੋਖਲੀ ਗੱਲ ਹੈ ਕਿ ਰੱਬ ਦੇ ਬਣਾਏ ਅਲਪੱਗ ਪੁਰਸ਼ ਆਪਣੇ ਆਪ ਨੂੰ ਰੱਬ ਨਾਲੋਂ ਜ਼ਿਆਦਾ ਚਤੁਰ ਦੱਸਣ ਦਾ ਦਾਅਵਾ ਕਰਨ। ਇਨ੍ਹਾਂ ਨੇ ਸ਼ਾਇਦ ਕਦੇ ਵੀ ਇਸ ਸ੍ਰੀ ਮੁਖਵਾਕ ਦਾ ਖ਼ਿਆਲ ਨਹੀਂ ਕੀਤਾ ਕਿ ( ਹਰਿਜੋਕਿਛੁਕਰੇਸੁਆਪਆਪੇਓਹੁਪੂਛਿਨਕਿਸੈਕਰੇਬੀਚਾਰਿ ।। ੧੧੩੪)

ਗੁਰਬਾਣੀ ਦਾ ਕੇਵਲ ਲੜੀਦਾਰ ਸਰੂਪ ਹੀ ਗੁਰੂ ਨਾਨਕ ਸਾਹਿਬ ਦਾ ਧੁਰ-ਧੁਰੰਦਰੀ ਪ੍ਰੋਗਰਾਮ ਸੀ, ਅਤੇ ਇਹੋ ਸਰੂਪ ਰੱਬ-ਰਜਾਇਆ ਗੁਰ ਪਰਵਾਨਿਆ ਸਰੂਪ ਹੈ। ਇਸ ਬਾਣੀ ਨੂੰ ਗੁਰੂ ਸਾਹਿਬ ਜੀ ਨੇ ਦੋ ਵੇਰੀਂ ਲੜੀਦਾਰ ਸਰੂਪ ਦਿੱਤਾ-ਪਹਿਲੋਂ ਪੰਜਵੇਂ ਜਾਮੇ ਵਿਚ ਅਤੇ ਦੁਬਾਰਾ ਦਸਵੇਂ ਜਾਮੇ ਵਿਚ। ਪੂਰੇ ਗੁਰੂ ਨੇ ਆਪਣੀ ਪੂਰੀ ਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲੜੀਦਾਰ ਗੁਰਬਾਣੀ ਨਾਲ ਸ਼ਿੰਗਾਰਿਆ ਹੈ। ਗੁਰੂ ਘਰ ਵਿਚ ਕੇਵਲ ਗੁਰੂ ਦੀ ਮਤਿ ਹੀ ਪਰਵਾਨ ਹੈ। ਆਪਣੇ ਮਨ ਦੀ ਚਤੁਰਾਈ ਨੂੰ ਤਾਂ ਤਿਆਗਣ ਦਾ ਹੀ ਹੁਕਮ ਹੈ।-(ਮਨਕੀਮਤਿਤਿਆਗਹੁਹਰਿਜਨਏਹਾਬਾਤਕਠੈਨੀ।।੮੦੦)

(ਪੰਨਾ 12 ਦਾ ਬਾਕੀ ..)

ਆਪ ਜੀ ਦੀ ਰਚਿਤ ਬਾਣੀ ਬਿਲਾਵਲ, ਨਟ, ਕਾਨੜਾ ਤੇ ਕਲਿਆਨ ਰਾਗਾਂ ਵਿਚ ਗੁਰੂ ਰਾਮਦਾਸ ਜੀ ਦੀਆਂ ਛੇ ਛੇ ਅਸਟਪਦੀਆਂ ਦਾ ਸੰਮੂਹ 'ਸੁਖਮਨੀ ਸਾਹਿਬ' ਦੇ ਰੂਪ ਵਿਚ ਕਈ ਪੁਰਾਤਨ ਸਿੰਘ ਵੀ ਰੋਜ਼ਾਨਾ ਡਾਢੇ ਬੈਰਾਗ ਵਿਚ ਰੰਗਾਂ-ਤਰੰਗਾਂ ਵਿਚ ਪਠਨ ਕਰਦੇ ਹਨ। (ਸ) ਆਪ ਜੀ ਨੇ ਕਈ ਰਾਗਾਂ ਤੇ ਕਈ ਨਵੇਂ ਕਾਵਿ-ਰੂਪਾਂ ਵਿਚ ਇਲਾਹੀ ਬਾਣੀ ਦੀ ਰਚਨਾ ਕੀਤੀ।

ਆਪ ਜੀ ਨੇ ਆਪਣੀ ਸਰੀਰਕ ਯਾਤਰਾ ਦੇ ਅੰਤਲੇ ਦਿਨ ਸ੍ਰੀ ਗੋਇੰਦਵਾਲ ਵਿਖੇ ਬਿਤਾਏ ਅਤੇ ਇਥੇ ਹੀ ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 1581 ਵਿਚ ਗੁਰ-ਗਦੀ ਤੇ ਬਿਰਾਜਮਾਨ ਕਰ ਕੇ ਜੋਤ ਜੋਤਿ ਸਮਾ ਗਏ।


www.AKJ.Org

# ਗੁਰਮਤਿ ਅਤੇ ਮਾਸ

(ਨਵਤੇਜ ਸਿੰਘ, ਸੰਤ ਨਗਰ, ਮੋਗਾ)

ਸਿੱਖ ਧਰਮ ਵਿੱਚ ਮਾਸ ਖਾਣਾ ਜਾਇਜ਼ ਹੈ ਜਾਂ ਨਹੀਂ, ਇਸ ਬਾਰੇ ਕਈ ਵੀਰ ਵੱਖਰੀਆਂ ਵੱਖਰੀਆਂ ਰਾਵਾਂ ਦਿੰਦੇ ਹਨ। ਜੀਭ ਦੇ ਸਵਾਦ ਵੱਸ ਹੋ ਕੇ ਮਾਸ ਨੂੰ 'ਝਟਕਾ ਅਤੇ ਹਲਾਲ' ਦੋ ਹਿਸਿਆਂ ਵਿੱਚ ਵੰਡ ਲਿਆ ਹੈ। ਜਦੋਂ ਕਿ ਮਾਸ ਤਾਂ ਮਾਸ ਹੀ ਹੈ। ਚਾਹੇ ਉਹ ਝਟਕਿਆ ਹੋਵੇ ਤੇ ਚਾਹੇ ਹਲਾਲ ਕੀਤਾ। ਜੀਵ ਜ਼ੁਲਮ ਤਾਂ ਹੋਇਆ ਹੀ ਹੈ। ਜੀਆ ਘਾਤ ਕਰਕੇ, ਝਟਕਾ ਨਾਂ ਰੱਖ ਕੇ ਛੱਕ ਜਾਣਾ, ਇਹ ਕਿਹੜੀ ਗੁਰਸਿੱਖੀ ਹੈ।

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਵਿੱਚ 'ਅੰਮ੍ਰਿਤ ਸੰਸਕਾਰ' ਸਿਰਲੇਖ ਹੇਠ ਜੋ ਚਾਰ ਕੁਰਹਿਤਾਂ ਆਉਂਦੀਆਂ ਹਨ, ਉਹਨਾਂ ਵਿਚੋਂ ਨੰਬਰ ਦੋ ਤੇ ਹੈ 'ਕੁੱਠਾ-ਖਾਣਾ'। ਜਿਸ ਦਾ ਅਰਥ ਹੈ ਕੁੱਠਾ ਨਹੀਂ ਖਾਣਾ। ਕੁੱਠਾ ਖਾਣ ਵਾਲਾ ਸਿੱਖ ਪਤਿਤ ਹੈ ਅਤੇ ਉਹ ਗੁਰਸਿੱਖੀ ਤੋਂ ਖਾਰਜ਼ ਹੈ।

ਕੁੱਠਾ ਦਾ ਅਰਥ ਹਲਾਲ ਸਮਝਣਾ ਸਰਾਸਰ ਗਲਤ ਹੈ। ਜਦੋਂ ਕਿ ਕੁੱਠਾ ਸ਼ਬਦ ਕੁਹਣਾ ਧਾਤੂ ਤੋਂ ਬਣਿਆ ਹੈ। ਜੋ ਸਾਡੀ ਬੋਲ-ਚਾਲ ਵਿੱਚ ਆਮ ਆਉਂਦਾ ਹੈ ਤੇ ਜਿਸ ਦਾ ਅਰਥ ਹੈ ਮਾਰਨਾ। ਪੰਜਾਬੀ ਵਿਆਕਰਣ ਵਿੱਚ ਕੁੱਠਾ ਸ਼ਬਦ ਕਿਰਿਆ ਫਲ ਕਾਰਦੰਤਕ ਹੈ ਅਤੇ ਇਸ ਦਾ ਸਹੀ ਅਰਥ ਹੈ ਕੁਹਿਆ ਹੋਇਆ। ਭਾਵ ਮਾਰਿਆ ਹੋਇਆ। ਪੰਜਾਬੀ ਬੋਲੀ ਅਤੇ ਆਮ ਬੋਲ-ਚਾਲ ਵਿੱਚ ਹੋਰ ਵੀ ਅਜਿਹੇ ਬੜੇ ਸ਼ਬਦ ਆਉਂਦੇ ਹਨ। ਜਿਵੇਂ :-

੧. ਕੁਹਿਆ ਹੋਇਆ - ਕੁੱਠਾ
੨. ਰੁਸਿਆ ਹੋਇਆ - ਰੁੱਠਾ
੩. ਮੁਹਿਆ ਹੋਇਆ - ਮੁੱਠਾ
੪. ਢਹਿਆ ਹੋਇਆ - ਢੱਠਾ
੫. ਦੇਖਿਆ ਹੋਇਆ - ਡਿੱਠਾ
੬. ਪਲਿਆ ਹੋਇਆ - ਪੱਠਾ

ਕੁੱਠੇ ਦਾ ਅਰਥ ਹਲਾਲ ਮਾਸ ਕਰਨਾ, ਇਹ ਕਹਾਣੀ ਕਿਸੇ ਪੰਥ ਦੋਖੀ ਨੇ ਖਾਲਸੇ ਦਾ ਖਾਲਸਤੱਵ ਨਸ਼ਟ ਕਰਨ ਲਈ ਅਤੇ ਅਹਾਰ, ਵਿਚਾਰ ਤੇ ਅਚਾਰ ਭ੍ਰਸ਼ਟ ਕਰਨ ਲਈ ਲਿਖ ਦਿੱਤੀ ਹੈ।

ਸ੍ਰੀ 'ਗੁਰ ਗ੍ਰੰਥ ਸਾਹਿਬ' ਵਿੱਚ ਮਾਰੂ ਮਹਲਾ ਪੰਜਵਾਂ ਪੰਨਾ ੧੦੧੯-੨੦ ਤੇ ਇਹ ਸ਼ਬਦ ਦਰਜ ਹੈ :-

ਪਾਪ ਕਰੇਦੜ ਸਰਪਰ ਮੁਠੇ
ਅਜਰਾਈਲ ਫੜੇ ਫੜਿ ਕੁਠੇ

ਕੀ ਹੁਣ ਅਸੀਂ ਇਥੇ ਇਹ ਅਰਥ ਲਈਏ ਕਿ ਅਜਰਾਈਲ ਪਾਪੀ ਜੀਵਾਂ ਨੂੰ ਮੁਸਲਮਾਨੀ ਢੰਗ ਨਾਲ ਜ਼ਿਬ੍ਹਾ ਕਰਦਾ ਹੈ। ਜੀ ਨਹੀਂ। ਇਥੇ ਵੀ ਕੁੱਠੇ ਦਾ ਅਰਥ ਬਿਲਕੁਲ ਸਪੱਸ਼ਟ ਹੁੰਦਾ ਹੈ। ਜੀਵ ਚਾਹੇ ਸਤਿ ਸ੍ਰੀ ਅਕਾਲ ਕਹਿ ਕੇ ਮਾਰਿਆ ਹੋਵੇ ਤੇ ਚਾਹੇ ਕਲਮਾ ਪੜ੍ਹਕੇ। ਦੋਵਾਂ ਹਾਲਤਾਂ ਵਿੱਚ ਕੁੱਠਾ ਹੀ ਹੈ।

ਗੁਰਬਾਣੀ ਵਿੱਚ ਵੀ ਝਟਕਾ ਖਾਣ ਦੀ ਖੁੱਲ ਨਹੀਂ ਦਿੱਤੀ ਗਈ। ਥਾਂ ਪੁਰ ਥਾਂ ਮਾਸ ਖਾਣਾ, ਜੀਅ-ਘਾਤ ਕਰਨਾਂ ਵਿਵਰਜਿਤ ਕੀਤਾ ਗਿਆ ਹੈ।

ਕਬੀਰ ਸਾਹਿਬ ਨੇ ਝਟਕੇ 'ਤੇ ਹਲਾਲ ਦੋਹਾਂ ਦੀ ਨਿੰਦਿਆ ਕੀਤੀ ਹੈ :-

ਉਨ ਝਟਕਾ ਉਨ ਬਿਸਮਿਲ ਕੀਆ ਦਯਾ ਦੋਹਾ ਤੇ ਭਾਗੀ।।
ਕਹਿਤ ਕਬੀਰ ਸੁਨ ਭਾਈ ਸਾਧੋ ਆਗ ਦੋਹਾ ਘਰ ਲਾਗੀ।।
(ਪੰਨਾ੧੩੭੫)

ਅੱਗੇ ਲਿਖਦੇ ਹਨ :-

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ
ਦਫਤਰਿ ਲੇਖਾ ਨੀਕਸੈ ਮਾਰ ਮੂਹੈ ਮੁਹਿ ਖਾਇ।।
(ਪੰਨਾ ੧੩੭੭)

ਫਿਰ ਲਿਖਦੇ ਹਨ :-

ਕਬੀਰ ਭਾਂਗ ਮਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਹਿ
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਹਿ
(ਪੰਨਾ ੧੩੭੭)

ਫਿਰ ਲਿਖਦੇ ਹਨ :-

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ।।
ਜਉ ਸਭੁ ਮਹਿ ਏਕ ਖੁਦਾਇ ਕਹਤੁ ਹਉ,
ਤਉ ਕਿਉ ਮੁਰਗੀ ਮਾਰੈ

ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਦੀ ੧੮ ਵੀਂ ਪੌੜੀ ਵਿੱਚ ਉਚਾਰਦੇ ਹਨ :-

ਅਸੰਖ ਗਲਵਢ ਹਤਿਆ ਕਮਾਇ।
ਅਸੰਖ ਪਾਪੀ ਪਾਪੁ ਕਰਿ ਜਾਹਿ।

ਮਾਸ ਖਾਣ ਲਈ ਕਿਸੇ ਦਾ ਗਲ ਤਾਂ ਵੱਢਣਾ ਹੀ ਪੈਣਾ ਹੈ। ਜਿਸ ਦੀ ਗੁਰੂ ਸਾਹਿਬ ਨੇ ਨਿੰਦਿਆ ਕੀਤੀ ਹੈ :- ਪੰਨਾ ੬੪੦ ਤੇ ਦਰਜ ਹੈ :-

ਹਿੰਸਾ ਮਮਤਾ ਮੋਹ ਚੁਕਾਵੈ

ਅਤੇ ਪੰਨਾ ੧੨੫੩ 'ਤੇ ਦਰਜ ਹੈ :-

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ।।


www.AKJ.Org

ਜਦੋਂ ਪ੍ਰਮਾਤਮਾ ਹਰ ਜੀਵ ਵਿੱਚ ਹੈ। ਹਿੰਸਾ ਦੀ ਮਨਾਹੀ ਹੈ ਅਤੇ ਜੀਵ ਦਇਆ ਪ੍ਰਮਾਤਮਾ ਭਗਤੀ ਵਾਸਤੇ ਜ਼ਰੂਰੀ ਹੈ। ਤਾਂ ਇਹ ਸਮਝ ਵਿੱਚ ਨਹੀਂ ਆਉਂਦਾ ਕਿ ਕੋਈ ਬਿਬੇਕ ਬੁੱਧੀ ਵਾਲਾ ਇਨਸਾਨ, ਜੀਵ ਹੱਤਿਆ ਕਰਨ ਨੂੰ (ਜੀਵ ਹੱਤਿਆ ਨਾਲ ਹੀ ਖਾਣ ਲਈ ਮਾਸ ਪ੍ਰਾਪਤ ਹੋਣਾ ਹੈ।) ਗੁਰਮਤਿ ਦੇ ਅਨੁਕੂਲ ਕਿਵੇਂ ਸਮਝਦਾ ਹੈ। ਗੁਰਬਾਣੀ ਜਾਨਵਰ ਮਾਰਨ ਤੇ ਮੁਰਦਾਰ ਖਾਣ ਵਾਲੇ ਨੂੰ ਭੂਤਨਿਆ ਦਾ ਦਰਜਾ ਦਿੰਦੀ ਹੈ :-

ਗੈਬਾਨ ਹੈਵਾਨ ਹਰਾਮ ਕਸਤਨੀ ਮੁਰਦਾਰ ਬਖੋਰਾਇ।।

ਭਾਈ ਗੁਰਦਾਸ ਜੀ ਦੀ ਬਾਣੀ (ਜੋ ਸਾਰੀ ਗੁਰਬਾਣੀ ਦੀ ਕੁੰਜੀ ਮੰਨੀ ਜਾਂਦੀ ਹੈ ) ਵੀ ਮਾਸ ਖਾਣ ਤੋਂ ਸਪੱਸ਼ਟ ਮਨ੍ਹਾਂ ਕਰਦੀ ਹੈ।

ਜੇ ਕਰਿ ਉਧਰੀ ਪੂਤਨਾ ਵਿਹੁ ਪਿਆਲਣੁ ਕੰਮ ਨ ਚੰਗਾ।।
ਜੇ ਕਾਸਾਈ ਉਧਰਿਆ ਜੀਆ ਘਾਇ ਨਾ ਖਾਈਐ ਭੰਗਾ।।

ਗੁਰਬਾਣੀ ਦੀ ਰੋਸ਼ਨੀ ਵਿੱਚ ਮੁਰਦਾਰ ਮਾਸ ਦੇ ਸੰਬੰਧ ਵਿੱਚ ਤਾਂ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ। ਸਗੋਂ ਉਹ ਵਸਤਾਂ ਜਾਂ ਕਰਮ ਵੀ ਵਿਵਰਜਿਤ ਹਨ ਜਿਨ੍ਹਾਂ ਨੂੰ ਮੁਰਦਾਰ ਨਾਲ ਤੁਲਨਾ ਦਿੱਤੀ ਗਈ ਹੈ। ਗੁਰਬਾਣੀ ਦਾ ਸਪੱਸ਼ਟ ਫਤਵਾ ਹੈ ਕਿ ਕੂੜ-ਕੁਸੱਤ ਕਰਕੇ, ਜੋਰ ਜ਼ੁਲਮ ਕਰਕੇ, ਵਲ ਛਲ ਕਰਕੇ, ਪਰਾਇਆ ਹੱਕ ਮਾਰਨਾ ਮੁਰਦਾਰ ਖਾਣ ਬਰਾਬਰ ਹੈ। ਗੁਰੂ-ਪੀਰ ਵੀ ਤਾਂ ਹੀ ਹਾਮੀ ਭਰਦਾ ਹੈ, ਜਦੋਂ ਕੋਈ ਮਾਸ ਜਾਂ ਮੁਰਦਾਰ ਖਾਣ ਤੋਂ ਬਚਿਆ ਹੋਵੇ। ਪੰਨਾ ੧੪੧ ਤੇ ਦਰਜ ਹੈ :-

ਕੂੜੁ ਬੋਲਿ ਮੁਰਦਾਰੁ ਖਾਇ।।
ਹਕ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰਿ ਨਾ ਖਾਇ।।

ਮਾਸ ਭਾਵੇਂ ਕਲਮਾ ਪੜ੍ਹਕੇ ਹਲਾਲ ਕੀਤਾ ਹੋਵੇ ਤੇ ਭਾਂਵੇ ਝਟਕਿਆ ਹੋਵੇ ਹੈ ਤਾਂ ਮੁਰਦਾਰ ਹੀ। ਜੇ ਪਰਾਇਆ ਹੱਕ ਮਾਰਨਾ, ਝੂਠ ਬੋਲਣਾ ਮੁਰਦਾਰ ਖਾਣ ਤੁਲ ਹੈ ਤਾਂ ਸਗਵਾਂ ਮੁਰਦਾਰ ਖਾਣਾ ਕਿਵੇਂ ਜਾਇਜ਼ ਹੋ ਸਕਦਾ ਹੈ। ਪੰਨਾ ੧੪੦ ਤੇ ਦਰਜ ਹੈ :-

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਪ੍ਰਤੀ ਉਪਦੇਸ਼ ਜਿਸ ਦਾ ਹਵਾਲਾ 'ਸੁਧਰਮ ਮਾਰਗ ਗ੍ਰੰਥ' ਵਿੱਚ ਆਇਆ ਹੈ, ਇਸ ਤਰ੍ਹਾਂ ਹੈ :-

ਪੰਜ ਕਰਮ ਨਾ ਕਰੇ ਸੋ ਜੀਵਨ ਮੁਕਤਿ ਹੈ:

੧. ਧਨ ਪਰਾਇਆ ਨਾ ਹਰੈ,
੨. ਪਰ ਇਸਤ੍ਰੀ ਨਾ ਸੇਵੈ,
੩. ਨਿੰਦਾ ਨਾ ਕਰੈ,
੪. ਜੂਆ ਨਾ ਖੇਲੈ,
੫. ਮਧ-ਮਾਸ ਖਾਜ ਨਾਹੀ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੇਵਲੂਤ ਰਾਖਸ਼ ਨੂੰ ਦਿੱਤਾ ਉਪਦੇਸ਼ ਜੋ 'ਸ੍ਰੀ ਗੁਰੂ ਨਾਨਕ ਦੇਵ ਪ੍ਰਕਾਸ਼ ਪੂਰ-ਬਾਰਧ' ਅਧਿਆਏ ੪੪ ਤੇ ਦਰਜ ਹੈ । ਇਸ ਤਰ੍ਹਾਂ ਹੈ :-

ਪ੍ਰਿਥਮ ਤਜਹੁ ਆਮਿਖ ਕੋ ਖਾਨਾ।।
ਕਰਹੁ ਜਾਸ ਹਿਤ ਜੀਵਨ ਹਾਨਾ।।
ਕੇਤਿਕ ਦਿਨ ਤਹਿ ਰਹੇ ਗੁਸਾਈ।।
ਗੁਰ ਸਿਖੀ ਕੀ ਰੀਤਿ ਚਲਾਈ।।
ਸਭ ਰਾਖਸ਼ ਕੋ ਨਾਮ ਜਪਾਯੋ।।
ਅਮਿਖ ਖਾਨ ਤਿਨਹਿ ਤਜਵਾਯੋ।।
ਸੁਧਰ ਸੈਨ ਜੋ ਭੂਮ ਮਹਾਨਾ।।
ਦੇਵਲੂਤ ਮਨਹੁ ਤਿਨ ਆਨਾ।।
ਹਿੰਸਾ ਨਾਹੀਂ ਜੀਵ ਕੀ ਕੀਜੈ।।
ਸਤਿਗੁਰੁ ਜਾਪ ਜਪਹੁ ਦੁਖ ਛੀਜੈ।।

ਇਥੇ ਵੀ ਗੁਰੂ ਸਾਹਿਬ ਨੇ ਮਾਸ (ਆਮਿਖ) ਖਾਣ ਤੇ ਜੀਵ ਹਿੰਸਾ ਦੀ ਮਨਾਹੀ ਕੀਤੀ ਹੈ।

ਇਸੇ ਤਰ੍ਹਾਂ 'ਮੱਕੇ ਦੀ ਗੋਸ਼ਟਿ' ਦੀ ਉਦਾਹਰਣ ਹੈ :-

ਗਊ ਭੈਸ ਅਤੇ ਮੁਰਗਾਈਆ, ਹੋਇ ਹੈਵਾਨ ਗਰੀਬ।।
ਤਹਿ ਪਰ ਛੁਰੀ ਹਰਾਮ ਹੈ, ਖਾਵਨ ਤਿਨਾ ਪਲੀਤ।।
ਜੋ ਬਿਚਾਰੇ ਜਾਨਵਰ, ਤਿਨ ਕਰਨ ਹਲਾਲ।।
ਬਿਨਾ ਰਜਾਇ ਖੁਦਾਇ ਦੀ, ਤਿਹ ਪਰ ਛੂਰੀ ਹਵਾਲ।।
ਮੁਈ ਸ਼ੈ ਮੁਰਦਾਰ ਹੈ, ਸਹਿ ਕੋ ਜਾਨ ਕਵਾਇ।।
ਖਾਣਾ ਮਾਸ ਗੁਨਾਹ ਹੈ, ਜੋਰੀ ਜੀਅ ਹਲਾਲ।।
ਜੋਰੀ ਕੁੱਠਾ ਹਰਾਮ ਹੈ, ਤਿਸ ਤੇ ਹੋਇ ਜਵਾਲ।।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਥੇ ਵੀ ਹਰ ਤਰ੍ਹਾਂ ਦੇ ਮਾਸ ਦੀ ਮਨਾਹੀ ਕੀਤੀ ਹੈ।

'ਗੁਰੂ ਪ੍ਰਤਾਪ ਸੂਰਜ ਗ੍ਰੰਥ ' ਰਾਸ ੨ ਅੰਸ ੨੬ ਵਿੱਚ ਦਰਜ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਪੁੱਛਣ 'ਤੇ ਸੀਹੇ ਉੱਪਲ ਨੇ ਦੱਸਿਆ ਕਿ ਉਹ ਜੋ੧੦੦ ਬੱਕਰੇ ਲਿਜਾ ਰਿਹਾ ਹੈ, ਪੁੱਤਰ ਦੇ ਮੁੰਡਨ ਤੇ ਆਏ ਪ੍ਰਾਹੁਣਿਆ ਨੂੰ ਖੁਆਉਣੇ ਹਨ ਤਾਂ ਗੁਰੂ ਸਾਹਿਬ ਨੇ ਫੁਰਮਾਇਆ :-

ਇਤਨੇ ਜੀਵਨ ਹਿੰਸਾ ਕਰੇ,
ਪਾਪ ਬਿਸਾਲ ਆਪਨ ਸਿਰ ਧਰੇ।।


www.AKJ.Org

ਅਬ ਤੋਂ ਸੁਗਮ ਜਾਨੀਅਹਿ ਕਹਿਬੋ।।
ਅੰਤ ਮਹਾ ਦੁਖ ਨਰਕਨ ਪਰਬੋ।।
ਦੇਹਿ ਸਾਸ ਨਾ ਜਮਕੇ ਦੂਤ।।
ਤਹਾ ਨ ਪਹੁੰਚੇ ਬੰਧਪ ਪੂਤ।।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੇ ਵਿੱਚ ਮੁਸਲਮਾਨ ਇਤਿਹਾਸਕਾਰ ਨੇ ਆਪਣੀ ਫਾਰਸੀ ਰਚਨਾ 'ਦਬਿਸਤਾਨਿ ਮਜ਼ਾਹਿਬ' ਵਿੱਚ ਸਪੱਸ਼ਟ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਇੱਕ ਖਾਸ ਹੁਕਮਨਾਮਾ ਜਾਰੀ ਕਰਨਾ ਪਿਆ ਕਿ, 'ਮਾਸ ਖਾਣਾ ਗੁਰੂ ਨਾਨਕ ਦੇ ਘਰ ਵਿੱਚ ਮਨ੍ਹਾਂ ਹੈ।

ਇਸੇ ਤਰ੍ਹਾਂ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੁਕਮਨਾਮੇ ਅਤੇ ਬੰਦਾ ਬਹਾਦਰ ਦੇ ਹੁਕਮਨਾਮੇ, ਜਿਹੜੇ ਤਖਤ ਸ੍ਰੀ ਪਟਨਾ ਸਾਹਿਬ ਤੋ ਮਿਲੇ ਹਨ, ਸੰਗਤ ਨੂੰ ਸਾਫ ਹੁਕਮ ਦਿੰਦੇ ਹਨ ਕਿ ਮਾਸ-ਮੱਛੀ ਦੇ ਨੇੜੇ ਨਹੀਂ ਜਾਣਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੧੧੦੩'ਤੇ ਦਰਜ ਹੈ :-
ਜੀਅ ਬਧਹੁ ਸੁ ਧਰਮੁ ਕਰਿ ਮਾਨਹੁ ਅਧਰਮ ਕਹਹੁ ਕਤ ਭਾਈ।।
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।।

ਭਾਵ ਜੀਵਾਂ ਨੂੰ ਵੱਢਦੇ ਟੁੱਕਦੇ ਹੋ 'ਤੇ ਇਸ ਨੂੰ ਧਰਮ ਕਰਕੇ ਮੰਨਦੇ ਹੋ ਤੇ ਪ੍ਰਚਾਰਦੇ ਹੋ ਫਿਰ ਅਧਰਮ ਕਿਸ ਨੂੰ ਕਹੋਗੇ। ਜੇ ਜੀਵਾਂ ਤੇ ਜ਼ੋਰ ਜ਼ੁਲਮ ਢਾਹ ਕੇ ਆਪਣੇ ਆਪ ਨੂੰ ਉਤਮ ਸਮਝਦੇ ਹੋ ਤਾਂ ਫਿਰ ਕਸਾਈ ਕਿਸ ਨੂੰ ਕਹੋਗੇ।

ਗੁਰੂ ਗ੍ਰੰਥ ਸਾਹਿਬ ਵਿੱਚ ਭਗਤਾਂ ਦੀ ਬਾਣੀ ਅਹਿਮ ਸਥਾਨ ਰੱਖਦੀ ਹੈ। ਬਾਣੀ ਵਿੱਚ ਭਗਤਾਂ ਨੇ ਰੱਬ ਤੋਂ ਆਟਾ, ਦਾਲ ਚੌਲ, ਖੰਡ, ਖੀਰ ਆਦਿ ਪਦਾਰਥ ਮੰਗੇ ਹਨ। ਪਰ ਜੇ ਮਾਸ ਖਾਣ ਯੋਗ ਵਸਤੂ ਹੁੰਦੀ ਤਾਂ ਕਿਸੇ ਭਗਤ ਨੇ ਆਪਣੇ ਖਾਣ ਵਾਸਤੇ ਜ਼ਰੂਰ ਰੱਬ ਕੋਲੋਂ ਥੋੜਾ-ਬਹੁਤਾ ਮਾਸ ਮੰਗਿਆ ਹੁੰਦਾ।

ਇਹਨਾਂ ਹਵਾਲਿਆਂ ਤੋਂ ਬਿਨਾ ਵੀ ਅਨੇਕ ਥਾਈਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਮਾਸ ਖਾਣਾ ਵਿਵਰਜਿਤ ਕੀਤਾ ਗਿਆ ਹੈ। ਪਰ ਕਿਤੇ ਵੀ ਝਟਕਾ ਖਾਣ ਦੀ ਖੁੱਲ ਨਹੀਂ ਦਿੱਤੀ ਗਈ। ਸਗੋਂ ਅਨੇਕ ਥਾਈਂ ਝਟਕੇ ਅਤੇ ਹਲਾਲ ਦੋਹਾਂ ਨੂੰ ਬਰਾਬਰ ਨਿੰਦਿਆ ਹੈ। ਫਿਰ ਅਸੀਂ ਇਹ ਕਿਵੇਂ ਕਹਿ ਸਕਦੇ ਹਾਂ ਕਿ ਗੁਰਮਤਿ ਵਿੱਚ ਗੁਰੂ ਕੇ ਸਿੱਖ ਨੂੰ ਮਾਸ ਖਾਣ ਦੀ ਮਨਾਹੀ ਨਹੀਂ ਹੈ।

---

(ਪੰਨਾ ੨੩ ਦਾ ਬਾਕੀ ...)

(2) ਦੂਸਰਾ ਕਾਰਜ :-

(ੳ) ਸਿੱਖ ਧਰਮ ਦੇ ਪ੍ਰਚਾਰ, ਸਿੱਖ ਸਿਧਾਂਤਾ ਦੀ ਸੁਰਖਿਆ ਤੇ ਸਿੱਖ ਸ਼ਕਤੀ ਦੀ ਸੰਭਾਲ ਵਾਸਤੇ ਦੇਸ ਤੇ ਵਿਦੇਸ ਵਿਚ ਦਲ -ਕੇਂਦਰ ਖੋਲੇ ਜਾਣ ਤੇ ਹਰ ਸਿੱਖ ਉਸ ਦਲ-ਕੇਂਦਰ ਨਾਲ ਆਪਣੇ ਆਪ ਨੂੰ ਜੋੜੇ।

(ਅ) ਭਾਰਤ ਵਿਚ ਜਿਹੜੀਆਂ ਵੀ ਵੱਡੀਆਂ ਸੰਸਥਾਵਾਂ, ਫਾਊਡੇਸ਼ਨਾ ਤੇ ਸਿੱਖ ਕਮੇਟੀਆਂ ਹਨ, ਜਿਵੇਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਕਮੇਟੀ) ਗੁਰਦੁਆਰਾ ਪ੍ਰਬੰਧਕ ਕਮੇਟੀ ਪਟਨਾ ਸਾਹਿਬ, ਗੁਰੂਨਾਨਕ ਫਾਊਡੇਸ਼ਨ, ਗੁਰੂ ਗੋਬਿੰਦ ਸਿੰਘ ਫਾਊਡੇਸ਼ਨ ਤੇ ਚੀਫ ਖਾਲਸਾ ਦੀਵਾਨ, ਇਹਨਾਂ ਦਾ ਆਪਸ ਵਿਚ ਵੀਤਾਲ-ਮੇਲ ਹੋਣਾ ਚਾਹੀਦਾ ਹੈ, ਕਾਰਜ-ਖੇਤਰ ਵਿਚ ਵੀ ਸਾਂਝ ਹੋਣੀ ਚਾਹੀਦੀ ਹੈ ਤੇ ਹਰ ਸਿੱਖ ਇਹਨਾਂ ਕਮੇਟੀਆਂ, ਫਾਊਂਡੇਸ਼ਨਾਂ ਤੇ ਸੰਸਥਾਵਾਂ ਨਾਲ ਆਪਣੀਆਂ ਸਹੂਲਤਾਂ ਮੁਤਾਬਿਕ ਜੁੜਿਆ ਹੋਣਾ ਚਾਹੀਦਾ ਹੈ।

(ੲ) ਇਹਨਾਂ ਸਿੱਖ ਸੰਸਥਾਵਾਂ ਦੀ ਇਕ ਸਾਂਝੀ ਤੇ ਪ੍ਰਤੀਨਿਧ ਕਮੇਟੀ ਹੋਵੇ, ਉਹੀ ਦੇਸ਼ ਤੇ ਵਿਦੇਸ਼ ਵਿਚ ਪ੍ਰਚਾਰ-ਸੈਂਟਰ ਖੋਲੇ, ਸਕੂਲਾਂ ਤੇ ਕਾਲਜਾਂ ਵਿਚ ਸਿੱਖੀ ਤੇ ਸਿੱਖ ਰਹਿਤ ਦੇ ਪ੍ਰਚਾਰ ਦਾ ਪ੍ਰਬੰਧ ਕਰੇ, ਸਿੱਖ ਧਰਮ ਤੇ ਸਿੱਖ ਰਹਿਤ ਉਤੇ ਹੋ ਰਹੇ ਵਿਰੋਧੀਆਂ ਦੇ ਹਮਲੇ ਦਾ ਢੁਕਵਾਂ ਤੇ ਯੋਗ ਉਤਰ ਦੇਵੇ ਤੇ ਹਰ ਸਿੱਖ ਇਸ ਕਾਰਜ ਪੂਰਤੀ ਵਾਸਤੇ ਸਹਿਯੋਗ ਦੇਵੇ।

(ਸ) ਇਹੀ ਸਾਂਝੀ ਤੇ ਪ੍ਰਤੀਨਿਧ ਕਮੇਟੀ ਸਿੱਖ ਸਾਹਿਤ, ਸਿੱਖ ਵਿਚਾਰ-ਪ੍ਰੰਪਰਾ ਤੇ ਸਿੱਖ ਰਹਿਤ ਦੇ ਪ੍ਰਚਾਰ ਤੇ ਪ੍ਰਕਾਸ਼ ਵਾਸਤੇ ਘਟੋ ਘਟ ਭਾਰਤ ਦੀ ਹਰ ਬੋਲੀ ਵਿਚ ਇਕ ਇਕ ਮਾਸਕ ਜਾਂ ਅੱਧ ਮਾਸਕ ਰਸਾਲਾ ਪ੍ਰਕਾਸ਼ਤ ਕਰੇ, ਤੇ ਹਰ ਸਿੱਖ ਜਿਸ ਕੋਨੇ ਵਿਚ ਵੀ ਬੈਠਾ ਹੈ, ਉਹ ਇਹਨਾਂ ਰਸਾਲਿਆਂ ਦਾ ਆਪਣੇ ਆਪ ਨੂੰ ਖਰੀਦਾਰ ਤੇ ਵਿਕਰੇਤਾ ਸਮਝੇ।

ਇਸ ਤਰਾਂ ਜੇ ਸਾਰੀਆਂ ਮੁਖ ਸੰਸਥਾਵਾਂ ਦੇ ਮੁਖੀ ਆਪਣੀ ਹਉਮੈਂ ਨੂੰ ਛੱਡ ਕੇ, ਇਕ ਸਾਂਝੀ ਤੇ ਪ੍ਰਤੀਨਿਧ ਕਮੇਟੀ ਸਿਰਜ ਕੇ, ਸਿੱਖੀ ਤੇ ਸਿੱਖ ਰਹਿਤ ਦੇ ਪ੍ਰਚਾਰ ਵਾਸਤੇ ਜੁਟ ਜਾਣ, ਤਾਂ ਨਿਕਟ ਭਵਿੱਖ ਵਿਚ ਆਉਣ ਵਾਲੇ ਘਾਤਕ ਖੱਤਰੇ ਤੋਂ ਸਿੱਖ ਕੌਮ ਨੂੰ ਬਚਾਇਆ ਵੀ ਜਾ ਸਕਦਾ ਹੈ ਤੇ ਸਿੱਖ ਕੌਮ ਦਾ ਭਵਿੱਖ ਉਜਲਮੁਖੀ ਵੀ ਕੀਤਾ ਜਾ ਸਕਦਾ ਹੈ। • • • • •


www.AKJ.Org

# ਚਾਹ ਵਿਚ ਹਾਨੀਕਾਰਕ ਰਸਾਇਣਕ ਤੱਤ

(ਮਾਲਿਕ ਸਿੰਘ Magnetetherapist)
(H. B-129 Phase-1 ਐਸ. ਏ. ਐਸ. ਨਗਰ ਮੋਹਾਲੀ)

ਜਨਵਰੀ 1997 ਦੇ ਪਰਚੇ ਵਿਚ ਦਾਸ ਦਾ ਚਾਹ ਬਾਰੇ ਲਿਖਿਆ ਲੇਖ ਛਪਿਆ ਸੀ। ਕਾਫ਼ੀ ਹੋਰ ਡਾਕਟਰਾਂ ਨੇ ਚਾਹ ਦੇ ਨੁਕਸਾਨਦਾਇਕ ਤੱਤਾਂ ਬਾਰੇ ਛਾਨਬੀਣ ਕੀਤੀ ਹੈ ਤੇ ਇਸ ਦੇ ਜ਼ਹਿਰੀਲੇ ਸੇਹਤਮਾਰੂ ਅੰਸ਼ਾਂ ਨੂੰ ਕਾਫ਼ੀ ਪਰਚਾਰਿਆ ਹੈ। ਇਸੇ ਸਬੰਧ ਵਿਚ ਡਾਕਟਰਮੰਜੂ ਮਾਥੁਰ ਦਾ ਅੰਗ੍ਰੇਜ਼ੀ ਅਖਬਾਰ ਵਿਚ ਲਿਖਿਆ ਲੇਖ ਹੂ-ਬ-ਹੂ ਹੇਠਾਂ ਦਿੱਤਾ ਜਾ ਰਿਹਾ ਹੈ।

## How Caffeine affects your body

(Dr. Manju Mathur, Head Dietetics Department General Hospital Chandigarh)

**What do you normally do when you feel tired or bored or sleepy or have nothing better to do ? Prepare yourself a up of tea or coffee, of course ! Even otherwise, anyime is tea in our country. Drinks like coffee,tea or cola do help to perk you up within minutes after ingestion and you start-feeling a bit more alert almost immediately because of the stimulating effect of caffeine contained in them.**

**Studies have shown that caffeine, when ingested in low doses, is also able to improve your ability at performing simple tasks like typing or doing elementary maths besides improving your reaction time. It also aids in improving your stamina because of its ability to increase the level of fatty acids in your blood stream which can produce energy if required.**

### HOW ?

HOW exactly is the stimulating effect of caffeine achieved inside the body ? There are a number of receptor molecules for different chemicals in our brain and other body tissues. The structure of caffeine and one of the chemicals produced by the body called adenosine happens to be similar. Adenosine has a sedative effect on the brain. It is also a vasodilator (a substance that dilates blood vessels) and is known to cause headaches because of this reason. When adenosine gets attached to the special receptor molecules in the brain, it reduces considerably the emission of neurons by the brain causing a sedative effect.

Now, when you have a cup of coffee, tea or cola, caffeine is quickly absorbed into the blood stream and goes and attaches itself to those very receptor molecules in the brain so that adenosine is locked out. This also means that the firing of the neurens by the brain sore-stored, the vasodilator effect of adenosine is blocked and the blood vessels in the brain constrict so that you feel more alert, headache also is relieved Caffeine is incorporated in a number of medicines prescribed for releaving headaches for this reason only.

A cup of tea or coffee contains about 60-120 mg of caffeine depending upon the quality of tea/ coffee and the method used for its preparation. The stronger the beverage, the more is the caffeine content. The extraction rate of caffeine in tea increases if the leaves are infused for a long period. It is advisable to keep your daily caffeine intake well under 500 mg per day to prevent addition which might lead to sleeplessness, nervousness and digestive distress.

(ਬਾਕੀ ਪੰਨਾ ੩੨ ਤੇ ...)



www.AKJ.Org

# ਸਾਧ ਸੰਗਤ ਅਸਥਾਨ ਜਗ-ਮਗ ਨੂਰ ਹੈ।

(ਲੇਖਕ :- ਗਿਆਨੀ ਬਚਿੱਤਰ ਸਿੰਘ "ਪ੍ਵਾਨਾ"987/2 ਮਨਜੀਤ ਨਗਰ ਲੁਧਿਆਣਾ-141001)

ਭਾਈ ਗੁਰਦਾਸ ਜੀ ਦੀ ਉਚਾਰਣ ਕੀਤੀ ਹੋਈ ਪੰਕਤੀ ਗੁਰਬਾਣੀ ਵਿਚਲੇ ਦਿਤੇ ਗਏ ਸਤਸੰਗਤ ਦੀ ਮਹਾਨਤਾ ਤੇ ਸਤਸੰਗਤ ਨੂੰ ਗਿਆਨ ਦੇ ਸੋਮੇ ਆਦਿਕ ਵਿਸ਼ੇਸ਼ਣਾਂ ਦੀ ਪ੍ਰੋੜਤਾ ਕਰਦੀ ਹੈ। ਗੁਰਮਤਿ ਅਨੁਸਾਰ ਸਭ ਤੋਂ ਉਤਮ ਤੇ ਪਵਿਤ੍ਰ ਮਨੁਖ ਨੂੰ ਗਿਆਨ ਤੇ ਆਤਮਿਕ ਸ਼ਾਂਤੀ ਦੇਣ ਵਾਲਾ ਸਤਸੰਗਤ ਅਸਥਾਨ ਹੈ। ਜੀਵ ਲਈ ਉਹ ਥਾਂ ਬਹੁਤ ਹੀ ਮਹੱਤਵਪੂਰਨ ਤੇ ਸਤਿਕਾਰ ਯੋਗ ਹੈ ਜਿਥੇ ਜੀਵ ਨੂੰ ਰੱਬ ਨਾਲ ਜੋੜਿਆ ਜਾਂਦਾ ਹੈ। ਤੇ ਜੀਵ ਦੁਨੀਆਂ ਦੇ ਬੁਰੇ ਵੀਚਾਰਾਂ ਤੇ ਕਰਮਾਂ ਤੋਂ ਟੁੱਟ ਕੇ ਚੰਗੇ ਵੀਚਾਰਾਂ ਤੇ ਸ਼ੁਭ ਕਰਮਾਂ ਨਾਲ ਜੁੜਦਾ ਹੈ। ਤੇ ਮਨੁੱਖ ਇਨ੍ਹਾਂ ਸੰਸਾਰਕ ਝਮੇਲਿਆਂ ਤੇ ਸਰੀਰਕ ਦੁਖਾਂ ਅੰਦਰ ਤੜੀ ਰਹੀ ਆਪਣੀ ਆਤਮਾ ਸਾਧਸੰਗਤ ਹੋਣ ਵਾਲੇ ਅਸਥਾਨ ਤੇ ਜਾ ਕੇ ਸਤ ਸੰਗਤ ਸ੍ਵਣ ਕਰਕੇ ਠੰਡ ਪ੍ਰਾਪਤ ਕਰਦਾ ਹੈ। ਤੇ ਉਸ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ। ਗੁਰਬਾਣੀ ਸਾਧ ਸੰਗਤ ਅਸਥਾਨ ਦੀ ਆਪ ਹੀ ਵਿਆਖਿਆ ਕਰਦੀ ਹੈ ਸਿਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :-

"ਸਤਸੰਗਤਿ ਕੈਸੀ ਜਾਣੀਐ।।
ਜਿਥੈ ਏਕੋ ਨਾਮ ਵਖਾਣੀਐ।।
ਏਕੋ ਨਾਮੁ ਹੁਕਮ ਹੈ
ਨਾਨਕ ਸਤਿਗੁਰ ਦੀਆ ਬੁਝਾਇ ਜੀਉ।।

(ਪੰਨਾ ੭੨)

ਇਤਿਹਾਸ ਗਵਾਹ ਹੈ ਕਿ ਸਾਧ ਸੰਗਤ ਕਰਕੇ ਕਈ ਵੱਡੇ ਵੱਡੇ ਪਾਪੀ, ਦੁਸ਼ਟ ਮੰਦਕਰਮੀ ਤੇ ਅਧਰਮੀ ਜੀਵ ਸਾਧ ਸੰਗਤ ਵਿਚ ਆ ਕੇ ਸੁਧਰ ਗਏ ਤੇ ਦੇਵਤੇ ਬਣ ਕੇ ਇਸ ਸੰਸਾਰ ਰੂਪੀ ਭਵਸਾਗਰ ਤੋਂ ਤਰ ਗਏ। ਸਾਧ ਸੰਗਤ ਅਸਥਾਨ ਉਹ ਮਾਨਸਰੋਵਰ ਹੈ ਜਿਥੇ ਕਾਂ ਵੀ ਹੰਸ ਬਣ ਕੇ ਮੋਤੀ ਚੁਗਣ ਲਗ ਪੈਂਦੇ ਹਨ। ਗੁਰੂ ਸਾਹਿਬਾਂ ਦੇ ਸਰੀਰਕ ਜੀਵਨ ਦੀਆਂ ਘਟਨਾਵਾਂ ਤੋਂ ਵੀ ਸਾਨੂੰ ਪ੍ਰਮਾਣ ਮਿਲਦੇ ਹਨ ਕਿ ਗੁਰੂ ਸਾਹਿਬਾਂ ਨੇ ਵੀ ਸਤ ਸੰਗਤ ਨੂੰ ਵੱਡਾ, ਮੁੱਖ ਤੇ ਪੂਜਣ ਯੋਗ ਅਸਥਾਨ ਦਿਤਾ ਹੈ ਅਜ ਵੀ ਹਰ ਸੱਚਾ ਪੂਰਨ ਗੁਰਸਿਖ ਸਤਸੰਗਤ ਅਸਥਾਨ ਤੇ ਨਿਤਨੇਮ ਨਾਲ ਰੋਜ਼ਾਨਾ ਹਾਜ਼ਰੀ ਭਰਦਾ ਹੈ। ਤੇ ਆਪਣੀ ਜਿੰਦਗੀ ਦੀ ਸਭ ਤੋਂ ਮਹੱਤਵਪੂਰਣ ਜਿੰਮੇਵਾਰੀ ਸਮਝ ਕੇ ਸਤਸੰਗਤ ਕਰਦਾ ਤੇ ਆਪਣੇ ਮਨ ਦੀ ਮੈਲ ਧੋ ਕੇ ਮਨ ਸਾਫ ਕਰਕੇ ਪ੍ਰਭੂ ਪ੍ਰਮਾਤਮਾ ਦੀ ਰਹਿਮਤ ਪ੍ਰਾਪਤ ਕਰਦਾ ਹੋਇਆ ਜੀਵਨ ਸਫਲਾ ਕਰਦਾ ਹੈ।

ਅਜ ਦੇ ਸਮੇਂ ਵਿੱਚ ਇਹ ਸਾਧਸੰਗਤ ਅਸਥਾਨ ਕਈ ਰੂਪ ਧਾਰਣ ਕਰ ਚੁਕੇ ਹਨ। ਇਸ ਲੇਖ ਵਿੱਚ ਸਿਰਫ ਸਾਧਸੰਗਤ ਦੇ ਇਕ ਰੂਪ "ਕੀਰਤਨ ਦਰਬਾਰ" ਬਾਰੇ ਹੀ ਵੀਚਾਰ ਕਰ ਰਹ ਹਾਂ। ਕਲਜੁਗ ਦੇ ਪ੍ਰਭਾਵ ਦੇ ਵਧਣ ਤੇ ਨੀਵੀਂ ਪੀੜੀ ਤੇ ਪੱਛਮੀ ਸਭਿਅਤਾ ਤੇ ਨਵੀਨੀਯੁਗ ਨੇ ਸਿੱਖ ਕੌਮ ਨੂੰ ਜਿਥੇ ਹੋਰ ਪੱਖਾਂ ਵਿੱਚ ਪ੍ਰਭਾਵਿਤ ਕੀਤਾ ਹੈ। ਉਥੇ ਸਾਡੇ ਇਸ ਮਹਾਨ ਗਿਆਨ ਦੇ ਸ੍ਰੋਤ ਤੇ ਮਹੱਤਵਪੂਰਨ ਰੂਹਾਨੀਅਤ ਦੇ ਸੋਮੇ "ਕੀਰਤਨ ਦਰਬਾਰ" ਉਤੇ ਵੀ ਬਹੁਤ ਜ਼ਿਆਦਾ ਅਸਰ ਛੱਡਿਆ ਹੈ। ਕੁਝ ਕੁ ਸਾਲ ਪਹਿਲਾਂ ਕੀਰਤਨ ਦਰਬਾਰਾਂ ਦੀ ਨੁਹਾਰ ਹੋਰ ਸੀ। ਕਿਸੇ ਖਾਸ ਮੋਕੇ ਤੇ, ਕਿਸੇ ਗੁਰਪੁਰਬ ਉਤੇ ਜਾਂ ਕਿਸੇ ਧਾਰਮਿਕ ਤਿਉਹਾਰ ਉਤੇ ਹੀ ਕੀਰਤਨ ਦਰਬਾਰ ਹੁੰਦੇ ਸਨ। ਤੇ ਉਹ ਵੀ ਬਹੁਤ ਦੂਰ-ਦੂਰ ਤੇ ਘਟ ਗਿਣਤੀ ਵਿੱਚ ਹੁੰਦੇ ਸਨ। ਤੇ ਸੰਗਤਾਂ ਵੀ ਬੜੇ ਚਾਅ, ਸ਼ਰਧਾ ਤੇ ਸਤਿਕਾਰ ਨਾਲ ਹੁੰਮ-ਹੁਮਾ ਕੇ ਸਾਧਸੰਗਤ ਅਸਥਾਨ ਤੇ ਆਪਣੇ ਸਾਰੇ ਜ਼ਰੂਰੀ ਸੰਸਾਰਕ ਕੰਮ ਵਚਾਲੇ ਛੱਡ ਕੇ ਪਹੁੰਚਦੀਆਂ ਸਨ। ਤੇ ਇਨ੍ਹਾਂ ਸਮਾਗਮਾਂ ਦੀ ਸ਼ਾਨ ਦੇਖਣ ਵਾਲੀ ਹੁੰਦੀ ਸੀ। ਤੇ ਗੁਰਸਿਖ ਉਸ ਕੀਰਤਨ ਦਰਬਾਰ ਵਿਚੋਂ ਆਪਣੀ ਆਤਮਿਕ ਖੁਰਾਕ ਪੂਰੀ ਕਰ ਕੇ, ਨਾਮ ਰਸ ਚਖ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ, ਲਾਲੀਆਂ ਭਰੇ ਚੇਹਰੇ ਨਾਲ ਸੁਰਖਰੂ ਹੋ ਕੇ ਘਰ ਪਹੁੰਚਦੇ ਸਨ। ਤੇ ਅਜ ਦੇ ਸਮੇਂ ਵਿੱਚ ਕੀਰਤਨ ਦਰਬਾਰਾਂ ਦਾ ਹੜ੍ਹ ਆਇਆ ਪਿਆ ਹੈ। ਤੇ ਇਹ ਕੀਰਤਨ ਦਰਬਾਰ ਕਿਸੇ ਖਾਸ ਸ਼ੁਭ ਮੌਕਿਆਂ ਗੁਰਪੁਰਬਾਂ ਦੇ ਨਾ ਰਹਿ ਕੇ ਰੋਜ਼ਾਨਾ ਹੀ ਕਿਤੇ ਨਾ ਕਿਤੇ, ਫਿਰ ਧਾਰਮਿਕ ਅਸਥਾਨਾਂ, ਘਰਾਂ ਤੋਂ ਬਾਹਰ ਨਿਕਲ ਕੇ ਆਮ ਸੜਕਾਂ ਤੇ ਪਹੁੰਚ ਗਏ ਹਨ। ਤੇ ਇਸ ਤਰਾਂ ਇਨ੍ਹਾਂ ਕੀਰਤਨ ਦਰਬਾਰਾਂ ਉਤੇ ਜਿਸ ਤਰਾਂ ਦੀਆਂ ਬੇ-ਅਦਬੀ ਭਰੀਆਂ ਤੇ ਸਤਸੰਗਤ ਦੀ ਸ਼ਾਨ ਤੇ ਸਤਿਕਾਰ ਘਟਾਉਣ ਵਾਲੀਆਂ ਗਲਾਂ ਦੇਖਣ ਨੂੰ ਮਿਲਦੀਆਂ ਹਨ ਤਾਂ ਹਰ ਪੰਥ ਦਰਦੀ, ਸਚੇ ਗੁਰਸਿਖ ਤੇ ਸ਼ਰਧਾਵਾਨ ਸਿੱਖ ਦਾ ਮਨ ਤੜਪ ਉਠਦਾ ਹੈ। ਅਜ ਹੋ ਰਹੇ ਇਨਾਂ ਕੀਰਤਨ ਦਰਬਾਰਾਂ ਦਾ ਕੀ ਮਕਸਦ ਹੈ ? ਕੀ ਉਹ ਮਕਸਦ ਪੂਰਾ ਹੋਇਆ ਹੈ ? ਕੀ ਇਹ ਕੀਰਤਨ ਦਰਬਾਰ ਸਚ ਮੁਚ ਹੀ ਅਸਲੀ


www.AKJ.Org

ਗੁਰਮਤ ਦੇ ਆਸੇ ਦੀ ਪੂਰਤੀ ਕਰਦੇ ਹਨ ? ਇਨਾਂ ਉਠ ਰਹੇ ਸਵਾਲਾਂ ਦੇ ਜਵਾਬ ਲਭਣ ਦੀ ਕੋਸ਼ਿਸ਼ ਸ਼ਾਇਦ ਹੀ ਇਨਾਂ ਕੀਰਤਨ ਦਰਬਾਰ ਕਹਾਉਣ ਵਾਲਿਆਂ ਨੇ ਕਦੇ ਕੀਤੀ ਹੋਵੇ। ਇਨਾਂ ਕੀਰਤਨ ਦਰਬਾਰਾਂ ਵਿਚ ਸਤਸੰਗਤ ਤੇ ਗੁਰੂਮਤ ਤੇ ਪੰਥਕ ਜਥੇਬੰਦੀ ਨੂੰ ਮੁਖ ਰਖਣ ਦੀ ਥਾਂ ਤੇ ਕਿਸੇ ਇਕ ਸਖਸ਼ੀਅਤ ਨੂੰ ਮੁਖੀ ਰਖਿਆ ਜਾਂਦਾ ਹੈ। ਕੀਰਤਨ ਦਰਬਾਰ ਦੀ ਸ਼ੁਰੂਆਤ ਹੀ ਇਸ ਤੋਂ ਹੁੰਦੀ ਹੈ। ਇਸ਼ਤਿਹਾਰ ਉਤੇ ਪਹਿਲੀ ਲਾਈਨ ਹੀ ਛਪੀ ਹੁੰਦੀ ਹੈ :

"ਸੰਤ ਬਾਬਾ ਜੀ ਦੇ---------- ਅਸ਼ੀਰਵਾਦ ਨਾਲ ਤੇ ਫਿਰ ਮੁਖ ਮੈਟਰ ਮੋਟੇ ਅਖਰਾਂ ਵਿੱਚ ਆਕਰਸ਼ਿਤ ਕਰਨ ਲਈ "ਸੰਤ ਬਾਬਾ-------- ਸਿੰਘ ਜੀ ਦੁਆਰਾ ਲਾਏ ਜਾ ਰਹੇ ਹਨ ਤੇ ਫਿਰ ਸਭ ਤੋਂ ਥਲੇ ਮੋਟੇ ਅਖਰਾਂ ਵਿਚ ਇਕ ਕਿਸੇ ਇਕ ਹੀ ਵਿਅਕਤੀ ਦਾ ਨਾਂ ਲਿਖਿਆ ਹੁੰਦਾ ਹੈ 'ਗੁਰੂ ਪੰਥ ਦਾ ਦਾਸ-------- ।।"

ਸੋ ਪਾਠਕ ਗੁਰਸਿਖੋ ! ਤੁਸੀਂ ਆਪ ਹੀ ਵੀਚਾਰ ਕਰੋ, ਕਿਸੇ ਇਕ ਵਿਅਕਤੀ ਦਾ ਹੀ ਅਸ਼ੀਰਵਾਦ, ਵਿਅਕਤੀ ਨੇ ਹੀ ਦਰਬਾਰ ਸਜਾਇਆ ਤੇ ਵਿਅਕਤੀ ਹੀ ਕਰਾਉਣ ਵਾਲਾ ,ਤੇ ਫਿਰ ਉਹ ਸਾਧਸੰਗਤ ਅਸਥਾਨ ਭਾਵ ਕੀਰਤਨ ਦਰਬਾਰ ਕਿਵੇਂ ਹੋਇਆ ? ਕਿਉਂ ਕਿ ਬਾਣੀ ਤਾਂ ਸਾਨੂੰ...

"ਸੋਈ ਸੁੰਦਰ ਸੋਹਣੇ।। ਸਾਧ ਸੰਗਿ ਜਿਨ ਬੈਹਣੇ।।
ਅਤੇ "ਥਾਨ ਸੁਹਾਵਾ ਪਵਿਤ ਹੈ ਜਿਥੈ ਸੰਤਿ ਸਭਾ।।

(ਸਿਰੀ ਰਾਗ ਮਹਲਾ ੫ ਪੰਨਾ ੪੫)

ਵਾਲਾ ਰਸਤਾ ਦਿਖਾਉਂਦੀ ਹੈ। ਪ੍ਰੰਤੂ ਅਜ ਸਾਡੀ ਮਾਨਸਿਕ ਅਵਸਥਾ ਵਿੱਚ ਕੀਰਤਨ ਦਰਬਾਰਾਂ ਦੀ ਸਫਲਤਾ ਦਾ ਮਿਆਰ ਕਾਫੀ ਜ਼ਿਆਦਾ ਖਰਚ, ਸਜਾਵਟ ਮਹਿੰਗੇ ਤੇ ਨਾਮੀ ਜਥੇ, ਲੰਗਰ ਤੇ ਜ਼ਿਆਦਾ ਗਿਣਤੀ ਨੂੰ ਹੀ ਮਿਥਿਆ ਹੋਇਆ ਹੈ। ਇਸ ਲਈ ਅਸੀਂ ਹਰ ਸੰਭਵ ਤੇ ਮਹਿੰਗਾ ਯਤਨ ਤੇ ਗੁਰੂ ਘਰ ਦੀ ਅਮਾਨਤ ਦਸਵੰਧ ਦੀ ਰਕਮ ਨੂੰ ਫਿਲਮਾਂ, ਇਸ਼ਤਿਹਾਰ, ਸ਼ੀਲਡਾਂ ਆਦਿ ਉਤੇ ਫਾਲਤੂ ਖਰਚ ਕਰਦੇ ਹਾਂ। ਤੇ ਮਨੁਖ ਨੇ ਇਸ ਰੂਹਾਨੀਅਤ ਤੇ ਅਧਿਆਤਮਕ ਰਾਹ ਨੂੰ ਵੀ ਆਪਣੇ ਸਵਾਰਥ ਪੂਰਤੀ ਦਾ ਇਕ ਸਾਧਨ ਬਣਾਇਆ ਹੋਇਆ ਹੈ। ਅਜ ਜੀਵ ਨੇ ਇਸ ਧਰਮ ਦੇ ਕੰਮ ਨੂੰ ਰਾਜਨੀਤੀ ਦੀ ਮੰਜ਼ਿਲ ਤਕ ਪਹੁੰਚਣ ਲਈ ਕੁਵਰਤੋਂ ਕਰਨ ਤੋਂ ਵੀ ਗੁਰੇਜ਼ ਨਹੀ ਕੀਤਾ। ਕੋਈ ਵੇਹਲਾ, ਹਉਮੈ ਦਾ ਭੁਖਾ, ਚਾਲਾਕ , ਰਾਜਨੀਤੀ ਵਿੱਚ ਚਾਹਤ ਰਖਣ ਵਾਲਾ ਗੁਰਮਤ ਤੋਂ ਕੋਹਾਂ ਦੂਰ ਸਿਖ ਕੌਮ ਦੀ ਨਿਘਰਦੀ ਹਾਲਤ ਤੋ ਅਨਜਾਣ ਤੇ ਰੱਬ ਨਿਡਰ ਜੀਵ ਪਹਿਲਾਂ ਆਪਣੇ ਵਰਗੇ ਹੀ ਪੰਜ- ਸਤ ਬੰਦੇ ਮਿਲ ਕੇ ਕੋਈ ਚੰਗਾ ਜਿਹਾ ਨਾਂ ਰਖ ਕੇ ਸਭਾ ਬਣਾ ਲੈਂਦੇ ਹਨ। ਫਿਰ ਕਾਫੀ ਪੈਸਾ ਇਕਠਾ ਕਰ ਲੈਂਦੇ ਹਨ। ਤੇ ਉਸ ਦਾ ਕੁਝ ਹਿੱਸਾ ਆਪ ਰਖ ਕੇ ਇਸ ਸਮਾਗਮ ਤੇ ਖਰਚ ਕਰ ਦੇਂਦੇ ਹਨ। ਤੇ ਉਸ ਵਿੱਚ ਕੁਝ ਮੋਹਤਬਰ ਬੰਦਿਆਂ ਨੂੰ ਸਿਰੋਪੇ ਦੇ ਕੇ ਆਪ ਉਨਾਂ ਦੇ ਨੇੜੇ ਹੋ ਜਾਂਦੇ ਹਨ। ਤੇ ਫਿਰ ਕਿਸੇ ਰਾਜਨੀਤੀ ਵਿਚ ਉਚੇ ਅਹੁਦੇ ਤੇ ਪਹੁੰਚੇ ਮੰਤ੍ਰੀ ਨੂੰ ਮਹਿਮਾਨ ਬਣਾ ਲੈਂਦੇ ਹਨ। ਤੇ ਉਹ ਰਾਜਨੀਤਿਕ ਵੀ ਇਹੋ ਜਿਹੇ ਮੌਕੇ ਦੀ ਭਾਲ ਵਿੱਚ ਹੀ ਰਹਿੰਦੇ ਹਨ ਜਿਥੇ ਜਿਆਦਾ ਭੀੜ ਵਿੱਚ ਉਨ੍ਹਾਂ ਨੂੰ ਬੋਲਣ ਦਾ ਮੌਕਾ ਮਿਲੇ। ਤੇ ਇਸ ਤੋਂ ਵਧੀਆ ਮੌਕਾ ਉਨ੍ਹਾਂ ਨੂੰ ਹੋਰ ਕਿਥੇ ਮਿਲਣਾ ਹੁੰਦਾ ਹੈ। ਬਸ ਅਗੇ ਦੀ ਤਰਕੀ ਲਈ ਰਾਹ ਖੁਲ ਜਾਂਦਾ ਹੈ। ਸੰਗਤ ਵੀ ਖੁਸ਼!! ਮੰਤ੍ਰੀ ਜੀ ਵੀ ਖੁਸ਼ !! ਤੇ ਆਪ ਵੀ ਖੁਸ਼! ਬਸ ਹੋ ਗਿਆ ਸਫਲ ਆਪਣਾ ਕੀਰਤਨ ਦਰਬਾਰ। ਤੇ ਫਿਰ ਅਗਲੇ ਸਾਲ ਇਸ ਤੋਂ ਵੀ ਵੱਡੇ ਪਧਰ ਤੇ ਸਮਾਗਮ ਕਰਨ ਦੇ ਮਨਸੂਬੇ ਤਿਆਰ ਕੀਤੇ ਜਾਂਦੇ ਹਨ। ਐਲਾਨ ਕੀਤੇ ਜਾਂਦੇ ਹਨ ਇਹੋ ਜਿਹਾ ਅਗਲਾ ਕੀਰਤਨ ਦਰਬਾਰ ਕਰਾਉਣ ਦਾ ਸਿਲਸਿਲਾ ਚਲ ਪੈਂਦਾ ਹੈ।

ਅੰਤ ਵਿੱਚ ਅਸੀਂ ਪਾਠਕ ਗੁਰਸਿਖਾਂ ਨੂੰ ਇਹ ਬੇਨਤੀ ਕਰਾਂਗੇ ਇਹ ਲੇਖ ਕੀਰਤਨ ਦਰਬਾਰ ਦੇ ਖਿਲਾਫ ਤੇ ਧਾਰਮਿਕ ਸਭਾ ਤੇ ਸੇਵਾ ਸੋਸਾਇਟੀਆਂ ਨੂੰ ਨਿੰਦਣ ਦੇ ਮਕਸਦ ਲਈ ਨਹੀਂ ਲਿਖਿਆ ਗਿਆ ਇਹ ਖਿਆਲ ਮਨ ਵਿਚ ਰਤਾ ਵੀ ਨਾ ਲਿਆਉਣ ਅਸੀਂ ਉਨ੍ਹਾਂ ਸਤ ਪੁਰਖਾਂ ਪੰਥ ਦਰਦੀਆਂ, ਨਿਸ਼ਕਾਮ ਸੇਵਾ ਸੰਸਥਾਵਾਂ ਤੇ ਸ਼ਰਧਾਵਾਨ ਸਚੇ ਸੁਚੇ ਆਚਰਣ ਵਾਲੇ ਪੂਰਨ ਗੁਰਸਿਖਾਂ ਦੁਆਰਾ ਕਰਵਾਏ ਜਾਂਦੇ ਕੀਰਤਨ ਦਰਬਾਰਾਂ ਵਿੱਚ ਸੇਵਾ ਕਰਨ ਵਾਲੇ ਪੰਥ ਦੇ ਵਾਰਿਸਾਂ ਨੂੰ ਪ੍ਰਵਾਨ ਕਰਦੇ ਹਾਂ ਤੇ ਰਿਣੀ ਹਾਂ।

"ਧੰਨ ਸੁ ਥਾਨ ਬਸੰਤ ਧੰਨੁ ਜਹ ਜਪੀਐ ਨਾਮੁ।।
ਕਥਾ ਕੀਰਤਨ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮ।।

(ਬਿਲਾਵਲ ਮਹਲਾ ਪੰਨਾ ੮੧੬)

ਉਤੇ ਸ਼ਰਧਾ ਤੇ ਸਤਿਕਾਰ ਨਾਲ ਪਹਿਰਾ ਦੇਂਦੇ ਹੋਏ ਆਪਣੇ ਜੀਵਨ ਵਿਚੋਂ ਵਡਮੁਲਾ ਸਮਾਂ ਕਢ ਕੇ ਅਣਥਕ ਮਿਹਨਤ ਤੇ ਸੇਵਾ ਕਰਕੇ ਅਜਿਹੇ ਕੀਰਤਨ ਦਰਬਾਰ ਕਰਾਉਂਦੇ ਹਨ। ਤੇ ਸੰਗਤਾਂ ਦੀ ਅਸੀਸ ਲੈਂਦੇ


www.AKJ.Org

ਕਰਾਉਂਦੇ ਹਨ। ਤੇ ਸੰਗਤਾਂ ਦੀ ਅਸੀਸ ਲੈਂਦੇ ਹੋਏ ਗੁਰੂ ਪਾਤਸ਼ਾਹ ਜੀ ਦੀਆਂ ਰਹਿਮਤਾਂ ਪ੍ਰਾਪਤ ਕਰ ਕੇ ਆਪਣਾ ਜੀਵਨ ਸਫਲਾ ਕਰਦੇ ਹਨ।

ਇਹ ਲੇਖ ਤਾਂ ਉਹਨਾਂ ਭੁਲੇ-ਭਟਕੇ ਵੀਰਾਂ ਲਈ ਹੈ ਜਿਹਨਾਂ ਨੇ ਇਸ ਕੀਰਤਨ ਦਰਬਾਰਾਂ ਦਾ ਰੂਪ ਬਦਲ ਦਿਤਾ ਹੈ ਤੇ ਆਪ ਵੀ ਭਟਕ ਕੇ ਸਿਖ ਕੌਮ ਨੂੰ ਗੁਮਰਾਹ-ਕੁਨ ਰਸਤੇ ਪਾ ਰਹੇ ਹਨ। ਉਨਾਂ ਕੀਰਤਨ ਦਰਬਾਰ ਕਰਾਉਣ ਵਾਲੇ ਵੀਰਾਂ ਨੂੰ ਸਾਡੀ ਜੋਦੜੀ ਹੈ ਵੀਰੋ **ਆਪਣੇ ਸਹੀ ਰਸਤੇ ਤੇ ਚਲ ਕੇ ਸਹੀ ਮੰਜ਼ਿਲ ਨੂੰ ਪਹਿਚਾਨੋ। ਇਹ ਸਾਧ ਸੰਗਤ ਅਸਥਾਨ ਜੋ ਸਾਡੇ ਲਈ ਚਾਨਣ ਮੁਨਾਰੇ ਹਨ। ਇਨਾਂ ਤੋਂ ਗਿਆਨ ਦਾ ਚਾਨਣ ਪਹਿਲਾਂ ਆਪ ਪ੍ਰਾਪਤ ਕਰੀਏ ਫਿਰ ਹੋਰਨਾਂ ਨੂੰ ਉਸ ਚਾਨਣ ਰਾਹੀਂ ਰਸਤਾ ਦਿਖਾਈਏ। ਗੁਰੂ ਫੁਰਮਾਣ :-**

**"ਪ੍ਰਥਮੇ ਮਨ ਪ੍ਰਬੋਧੈ ਆਪਣਾ ਪਾਛੈ ਅਵਰ ਰਿਝਾਵੈ।।"**

ਤੇ ਅਮਲ ਕਰਦਿਆਂ ਆਪਣਾ ਆਪ ਸੁਧਾਰੀਏ। ਜੇ ਸਾਡੇ ਕੀਰਤਨ ਦਰਬਾਰ ਕਰਾਉਣ ਵਾਲੇ ਖੁਦ ਹੀ ਅੰਮ੍ਰਿਤਧਾਰੀ ਨਹੀਂ, ਸੇਵਾ ਕਰਨ ਵਾਲੀਆਂ ਸੰਸਥਾਵਾਂ ਦੇ ਮੈਂਬਰ ਤੇ ਸਾਡੇ ਸਹਿਯੋਗੀ ਸਜਣ ਖੁਦ ਹੀ ਗੁਰੂ ਵਾਲੇ ਨਹੀਂ ਬਣੇ ਤਾਂ ਖਿਮਾਂ ਕਰਨਾ ਜਦੋਂ ਅਸੀਂ ਆਪ ਹੀ ਹਨੇਰੇ ਵਿੱਚ ਫਿਰ ਰਹੇ ਹਾਂ ਤਾਂ ਅਸੀਂ :

*"ਸਾਧ ਸੰਗਤਿ ਅਸਥਾਨ ਜਗ -ਮਗ ਨੂਰ ਹੈ।"*

(ਵਾਰ ੩ ਪਉੜੀ ੧੦-ਭਾਈ ਗੁਰਦਾਸ ਜੀ)

**ਦਾ ਹੋਕਾ ਕਿਵੇਂ ਦੇ ਸਕਦੇ ਹਾਂ। ਆਉ ਅੱਜ ਅਸੀਂ ਪਹਿਲਾਂ ਆਪ ਚਾਨਣ ਧਾਰਣ ਕਰੀਏ ਤੇ ਫਿਰ ਹੋਰਾਂ ਜੀਵਾਂ ਨੂੰ ਵੀ ਇਹ ਚਾਨਣ ਪ੍ਰਾਪਤ ਕਰਨ ਵਲ ਪ੍ਰੇਰਿਤ ਕਰੀਏ ਤੇ ਇਸ ਸਚਾਈ ਤੋਂ ਜਾਣੂੰ ਕਰਾਈਏ।**

■ ■ ■

(ਪੰਨਾ ੨੯ ਦਾ ਬਾਕੀ ....)

**Overstimulation**

Tea and coffee do not supply any nutrion by themselves but the milk and the sugar added to the beverage is responsible for their calorie content . Thus five cups of tea containing30 ml of cow's milk and one and a half-tea-spoon sugar each, supply a total of 250 calories approximately, an amount equivalent to the calorie content of three small chapattis.

Young children should not be given tea or coffee on a regular basis because of the possibility of overstimulation of their nervous system by caffeine. Moreover, these drinks tend to repalce the nutritious milk for children which is not desirable. Strong tea or coffee must be avoided by those suffering from gastritics and peptic ulcer because of their stimulating effect on gastric secretion.

So, do think again before you reach for your next cup of tea or coffee. — —

(ਪੰਨਾ ੨੮ ਦਾ ਬਾਕੀ...)

**ਦੀ ਮੋਹਰ ਹੀ ਸਮਝੀਏ ਕਕਾਰ ਨਾ ਸਮਝੀਏ ਕਕਾਰ ਸਮਝੀਏ ਕੇਸਕੀ ਨੂੰ** ਜਿਸ ਨੇ ਮੋਹਰ ਦੀ ਸੰਭਾਲ ਕਰਨੀ ਹੈ। ਕੇਸਕੀ ਤੋਂ ਬਿਨਾ ਮੋਹਰ ਰੁਲ ਜਾਵੇਗੀ ਅਤੇ ਮੋਹਰ ਵਾਲੇ ਦੀਆਂ ਖੁਸ਼ੀਆਂ ਪ੍ਰਾਪਤ ਨਹੀਂ ਹੋਣਗੀਆਂ। ਜਿਵੇਂ ਸਰਕਾਰੀ ਦਫਤਰਾਂ ਵਿੱਚ ਸਰਕਾਰੀ ਮੋਹਰ ਨੂੰ ਰਸਾਈ ਹੈ ਤਿਵੇਂ ਹੀ ਰੱਬੀ ਦਰਗਾਹ ਵਿੱਚ ਗੁਰੂ ਦੀ ਮੋਹਰ ਨੂੰ ਪ੍ਰਵਾਨਗੀ ਹੈ। ਕੇਸਕੀ ਜੋ ਇਸ ਇਲਾਹੀ ਮੋਹਰ ਦੀ ਸੰਭਾਲ ਕਰਦੀ ਹੈ। ਪੰਜਵਾ ਕਕਾਰ ਮੰਨਿਆ ਜਾਣਾ ਲਾਜ਼ਮੀ ਹੈ। ■■■■■

## ਤੂੰ ਸਮਰਥ ਦਾਤਾ

(ਨਰਿੰਦਰ ਕੌਰ ਫੇਰੋਚੇਚੀ)

ਤੂੰ ਸਮਰਥ ਦਾਤਾ ਤੇਰੀ ਮਹਿਮਾ ਅਪਰ ਅਪਾਰ।
ਤੇਰੇ ਵਿਚ ਲੱਖਾਂ ਗੁਣ, ਕਰੀਏ ਕੀ ਤੇਰੇ ਗੁਣਾਂ ਦੀ ਸਾਰ।
ਜੇ ਚਾਹੇ ਤੂੰ ਕਰ ਸਕਦਾ, ਤੇਰੀ ਸ਼ਕਤੀ ਕਥਨੀ ਤੋਂ ਬਾਹਰ।
ਮਿਹਰਾਂ ਬਕਸ਼ਿਸ਼ ਕਰਨ ਵਾਲਾ, ਸਤਿਗੁਰੂ ਸਭ ਤੇ ਬਲਿਹਾਰ।
ਦਾਤਾ ਵੰਡਣ ਵਾਲਾ ਭੰਡਾਰੀ ਹੈ, ਤੂੰ ਦਾਤਾਂ ਦਾ ਦਾਤਾਰ।
ਕਿਸੇ ਨਾਲ ਵੈਰ ਵਿਰੋਧ ਨਹੀਂ, ਸਭ ਦੀ ਕਰੇਂ ਪ੍ਰਤਿਪਾਲ।
ਜਿਹੜਾ ਪਰਮਾਤਮਾ ਦੇ ਦਰ ਜਾਵੇ, ਡੁੱਬਦੇ ਬੇੜੇ ਦਿੰਦੇਂ ਤਾਰ।
ਤੂੰ ਸਮਰਥ ਦਾਤਾ, ਤੇਰੀ ਮਹਿਮਾ ਅਪਰ ਅਪਾਰ।
ਤੇਰੇ ਵਿਚ ਲੱਖਾਂ ਹੀ ਗੁਣ ਨੇ, ਜਾਈਐ ਤੇਰੇ ਤੋਂ ਬਲਿਹਾਰ।
ਅਵਗਣ ਭਰੇ ਨੇ ਸਾਡੇ ਵਿਚ, ਅਸੀਹਾਂ ਭੁਲਨਹਾਰ।
ਨਾਮ ਬਾਣੀ ਦੀ ਦਾਤ ਦਿਉ ਸਾਨੂੰ, ਤੁਹਾਡੇ ਅੱਗੇ ਕਰਾ ਪੁਕਾਰ।


www.AKJ.Org

# ਜਾਗਨਾ ਜਾਗਨੁ ਨੀਕਾ

(ਵਲੋਂ-ਡਾਕਟਰ ਜਸਵੰਤ ਸਿੰਘ ਜੀ 'ਜਸ' ਐਮ. ਏ. ਪੀ. ਐਚ. ਡੀ.)

ਸਿੱਖੀ, ਦੁਰਲਭ ਮਾਨਸ ਜਨਮ ਦੀ ਸਭ ਤੋਂ ਚੰਗੀ, ਅਨੁਸ਼ਾਸਿਤ, ਸੁੱਚਜੀ ਤੇ ਸਚਿਆਰ ਜੀਵਨ-ਜਾਚ ਦਾ ਨਾਂ ਹੈ। ਸਿਖ ਗੁਰੂ ਸਾਹਿਬਾਂ ਨੇ ਇਹ ਸਰਬੋਤਮ ਜਾਚ, ਗੁਰਬਾਣੀ ਵਿਚ ਥਾਂ ਥਾਂ ਉਪਦੇਸ਼-ਮਈ ਰੂਪ ਵਿਚ ਦਰਸਾਈ ਹੈ। ਜਿਸ ਦੀ ਅਮਲੀ ਵਰਤੋਂ, ਸਿਖ ਗੁਰੂ ਸਾਹਿਬਾਂ ਦੇ ਜੀਵਨ-ਕਾਰਨਾਮਿਆਂ ਤੇ ਉਨਾਂ ਦੇ ਚਰਨ-ਚਿੰਨ੍ਹਾਂ ਉਤੇ ਚਲਣ ਵਾਲੇ ਗੁਰਮੁਖਾਂ ਤੇ ਸ਼ਹੀਦਾਂ ਦੇ ਚਰਿਤਰਾਂ ਤੋਂ ਭਲੀ ਭਾਂਤ ਪਰਗਟ ਹੁੰਦੀ ਹੈ।

ਨੇਕੀ, ਸਚਾਈ ਤੇ ਪਵਿੱਤਰਤਾ ਵਾਲਾ ਜੀਵਨ ਬਤੀਤ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਇਕ ਅਦੁੱਤੀ ਜੀਵਨ-ਸੇਧ, ਮਾਰੂ ਰਾਗ ਦੀ ਅਸ਼ਟਪਦੀ ਵਿਚ ਹੇਠ ਲਿਖੇ ਅਨੁਸਾਰ ਦਿਤੀ ਹੈ-

ਚਾਦਨਾ ਚਾਦਨੁ ਆਂਗਨਿ, ਪ੍ਰਭ ਜੀਉ ਅੰਤਰਿ ਚਾਦਨਾ।।
ਆਰਾਧਨਾ ਅਰਾਧਨੁ ਨੀਕਾ, ਹਰਿ ਹਰਿ ਨਾਮੁ ਅਰਾਧਨਾ।।
ਤਿਆਗਨਾ ਤਿਆਗਨੁ ਨੀਕਾ, ਕਾਮੁ ਕ੍ਰੋਧੁ ਲੋਭੁ ਤਿਆਗਨਾ।।
ਮਾਗਨਾ ਮਾਗਨੁ ਨੀਕਾ, ਹਰਿ ਜਸੁ ਗੁਰ ਤੇ ਮਾਗਨਾ।।
ਜਾਗਨਾ ਜਾਗਨੁ ਨੀਕਾ, ਹਰਿ ਕੀਰਤਨ ਮਹਿ ਜਾਗਨਾ।।
ਲਾਗਨਾ ਲਾਗਨੁ ਨੀਕਾ, ਗੁਰ ਚਰਨੀ ਮਨੁ ਲਾਗਨਾ।।
ਇਹੁ ਬਿਧਿ ਤਿਸਹਿ ਪਰਾਪਤੇ, ਜਾ ਕੈ ਮਸਤਕਿ ਭਾਗਨਾ।।
ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ, ਜੋ ਪ੍ਰਭ ਕੀ ਸਰਨਾਗਨਾ।।
(ਪੰਨਾ ੧੦੧੮)

ਉਪਰੋਕਤ ਤੁਕਾਂ ਵਿਚ ਸਤਿਗੁਰੂ ਜੀ ਨੇ ਜਿਥੇ ਚਾਂਦਨ, ਆਰਾਧਨ, ਤਿਆਗਨ, ਮੰਗਣ, ਜਾਗਣ ਤੇ ਲਗਣ ਆਦਿ ਅਵਸਥਾਵਾਂ ਦਾ ਸਭ ਤੋਂ ਚੰਗੇਰਾ ਤੇ ਸਫਲ ਮਾਰਗ ਦਰਸਾਇਆ ਹੈ, ਉਥੇ ਬਾਕੀ ਦੇ ਅਜਿਹੇ ਸਾਰੇ ਕਾਰਜਾਂ ਤੋਂ ਸ਼ੋ੍ਮਣੀ , ਅਕਾਲ ਪੁਰਖ ਦੀ ਸ਼ਰਨ ਗ੍ਰਹਿਣ ਕਰਨਾ ਦਸਿਆ ਹੈ।

ਜਾਗਨਾ ਜਾਗਨੁ ਨੀਕਾ,
ਹਰਿ ਕੀਰਤਨ ਮਹਿ ਜਾਗਨਾ।।

ਅਨੁਸਾਰ, ਗੁਰਮਤਿ ਵਿਚ ਰੱਬੀ ਗਿਆਨ ਪ੍ਰਾਪਤ ਕਰਕੇ ਸਾਰੇ ਕਰਮ ਉਸ ਗਿਆਨ ਦੀ ਰੌਸ਼ਨੀ ਵਿਚ ਕਰਨ ਤੇ ਅਕਾਲ ਪੁਰਖ ਦੀ ਸਿਫ਼ਤ-ਸਲਾਹ ਵਿਚ ਲਗੇ ਰਹਿਣ ਨੂੰ 'ਜਾਗਨਾ' ਦਸਿਆ ਗਿਆ ਹੈ। ਇਸ ਦੇ ਉਲਟ, ਪਰਮਾਤਮਕ ਸੋਝੀ ਤੋਂ ਬਿਨਾਂ ਅਗਿਆਨਤਾ-ਵੱਸ ਹੋ ਕੇ ਅਸਾਧੇ ਮਨ ਦੇ ਕਹੇ ਅਨੁਸਾਰ ਚੱਲਣ ਨੂੰ 'ਸੁੱਤੇ ਹੋਣਾ' ਦਸਿਆ ਹੈ, ਭਾਵੇਂ ਸਰੀਰਕ ਤੌਰ ਤੇ ਜੀਵ ਜਾਗ ਰਿਹਾ ਹੋਵੇ। ਸਤਿਗੁਰੂ ਜੀ ਫ਼ੁਰਮਾਉਂਦੇ ਹਨ-

ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ।।
ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ।।
(ਪੰਨਾ ੧੬੦)

ਜੇ ਅਸੀਂ ਮਾਇਆ, ਮਮਤਾ, ਮੋਹ ਵਿਚ ਫਸੇ ਹੋਏ ਕਰਮ ਕਰਦੇ ਹਾਂ ਤਾਂ ਸਮਝਣਾ ਚਾਹੀਦਾ ਹੈ ਕਿ ਅਸੀਂ ਜਾਗਦੇ ਹੋਏ ਵੀ ਪਰਮੇਸ਼ਰ ਵਾਲੇ ਪਾਸਿਓਂ ਸੁੱਤੇ ਹੋਏ ਹਾਂ। ਸਤਿਗੁਰੂ ਜੀ ਦੇ ਕਥਨ ਅਨੁਸਾਰ ਵਿਰਲੇ ਨਾਮ-ਅਭਿਆਸੀ ਜੀਵ ਹੀ ਅਸਲੀ ਅਰਥਾਂ ਵਿਚ ਜਾਗਦੇ ਹਨ, ਜਿਥੇ ਕਿ ਬਾਕੀ ਸਾਰੇ ਸੰਸਾਰੀ ਜੀਵ ਸੁੱਤੇ ਹੋਏ ਹਨ-

ਸੁਤੜੇ ਅਸੰਖ, ਮਾਇਆ ਝੂਠੀ ਕਾਰਣੇ।।
ਨਾਨਕ ਸੇ ਜਾਗੰਨਿ, ਜਿ ਰਸਨਾ ਨਾਮ ਉਚਾਰਣੇ।।
(ਪੰਨਾ ੧੪੨੫)

ਜੀਵ ਵਿਚ ਗੁਰਬਾਣੀ ਦੀ ਪਰੀਭਾਸ਼ਾ ਅਨੁਸਾਰ ਇਹ 'ਜਾਗਨ' ਅਵਸਥਾ ਸਤਿਗੁਰੂ ਜੀ ਨੂੰ ਮਿਲਣ, ਤੇ ਉਨ੍ਹਾਂ ਦੇ ਉਪਦੇਸ਼ ਅਨੁਸਾਰ ਦਮ-ਬ-ਦਮ ਜੀਵਨ ਬਤੀਤ ਕਰਨ ਤੋਂ ਵਾਪਰਦੀ ਹੈ। ਜਿਸ ਤਰ੍ਹਾਂ ਇਕ ਦੁਨੀਆਂਦਾਰ ਆਪਣਾ ਧਨ, ਮਾਲ, ਸੰਪਤੀ, ਰਾਤ ਨੂੰ ਲੁਟਣ ਵਾਲੇ ਲੁਟੇਰਿਆਂ ਤੇ ਚੋਰਾਂ ਤੋਂ ਬਚਾਉਣ ਲਈ ਜਾਗਦਾ ਹੈ, ਇਸੇ ਤਰ੍ਹਾਂ ਇਕ ਆਤਮਕ ਜਗਿਆਸੂ ਲਈ ਨਾਮ-ਅਭਿਆਸ ਦੁਆਰਾ ਪ੍ਰਾਪਤ ਕੀਤੇ ਸਤ, ਸੰਤੋਖ, ਦਇਆ, ਧਰਮ, ਧੀਰਜ ਆਦਿ ਦੈਵੀ ਗੁਣਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਡਾਕੂਆਂ ਤੋਂ ਬਚਾਉਣ ਲਈ ਸਦਾ ਸਾਵਧਾਨ ਰਹਿਣ ਦੀ ਲੋੜ ਹੈ। ਅਜਿਹੀ 'ਜਾਗ' ਜਾਗਣ ਵਾਲੇ ਗੁਰਮੁਖਾਂ ਦੀ ਪਛਾਣ, ਸ੍ਰੀ ਗੁਰੂ ਅਮਰਦਾਸ ਜੀ ਇਉਂ ਫ਼ੁਰਮਾਉਂਦੇ ਹਨ-

ਜੋਗੀ ਗ੍ਰਿਹੀ ਪੰਡਤੁ ਭੇਖਧਾਰੀ।।
ਏ ਸੂਤੇ ਅਪਣੇ ਅਹੰਕਾਰੀ।।
ਮਾਇਆ ਮਦ ਮਾਤਾ ਰਹਿਆ ਸੋਇ।।
ਜਾਗਤੁ ਰਹੈ ਨ ਮੂਸੈ ਕੋਇ।।
ਸੋ ਜਾਗੈ ਜਿਸੁ ਸਤਿਗੁਰੁ ਮਿਲੈ।।
ਪੰਚ ਦੂਤ ਓਹੁ ਵਸਗਤਿ ਕਰੈ।।
ਸੋ ਜਾਗੈ ਜੋ ਤਤੁ ਬੀਚਾਰੈ।।
ਆਪਿ ਮਰੈ, ਅਵਰਹ ਨਹ ਮਾਰੈ।।
ਸੋ ਜਾਗੈ ਜੋ ਏਕੋ ਜਾਣੈ।।
ਪਰਕਿਰਤਿ ਛੋਡੈ ਤਤੁ ਪਛਾਣੈ।।



www.AKJ.Org

ਚਹੁ ਵਰਨਾ ਵਿਚਿ ਜਾਗੈ ਕੋਇ॥
ਜਮੈ ਕਾਲੈ ਤੇ ਛੂਟੈ ਸੋਇ॥
ਕਹਤ ਨਾਨਕ ਜਨੁ ਜਾਗੈ ਸੋਇ॥
ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ॥

(ਪੰਨਾ ੧੧੨੮)

ਇਸ 'ਸਫਲ ਜਾਗ੍ਰਨ' ਵਾਲੀ ਅਵਸਥਾ ਦੇ ਰਸਤੇ ਵਿਚ ਭੇਖ, ਬਾਹਰਲਾ ਦਿਖਾਵਾ, ਕਰਮ-ਕਾਂਡ ਤੇ ਸਭ ਤੋਂ ਵਧੀਕ 'ਹਉਮੈ' ਦਾ ਰੋਗ ਵੱਡੀ ਰੁਕਾਵਟ ਹਨ। ਵਾਹਿਗੁਰੂ ਦੀ ਭਗਤੀ, ਜੀਵ ਦੇ ਹਉਮੈ-ਰਹਿਤ ਹੋਇਆਂ ਹੀ ਪਰਗਟ ਪੈ ਸਕਦੀ ਹੈ। ਜਦ ਤਕ ਮਨ ਦਾ ਸ਼ੀਸ਼ਾ ਹਉਮੈ ਦੀ ਮੈਲ ਨਾਲ ਧੁੰਦਲਾ ਹੋਇਆ ਹੈ ਤਦ ਤਕ ਵਾਹਿਗੁਰੂ ਦਾ ਨਿਰਮਲ ਅਭਾਸ ਜਾਂ ਸ਼ੁੱਧ ਸਰੂਪ, ਦ੍ਰਿਸ਼ਟੀ ਵਿਚ ਨਹੀਂ ਆ ਸਕਦਾ। ਮਹਾਂ ਵਾਕ ਹੈ-

ਭੈ ਭਾਇ ਜਾਗੇ ਸੇ ਜਾਗ੍ਰਣ ਕਰਹਿ,
ਹਉਮੈ ਮੈਲੁ ਉਤਾਰਿ॥
ਸਦਾ ਜਾਗਹਿ ਘਰ ਆਪਣਾ ਰਾਖਹਿ,
ਪੰਚ ਤਸਕਰ ਕਾਢਹਿ ਮਾਰਿ॥
ਹਉਮੈ ਵਿਚਿ ਜਾਗ੍ਰਣ ਨ ਹੋਵਈ,
ਹਰਿ ਭਗਤਿ ਨ ਪਵਈ ਥਾਇ॥

(ਪੰਨਾ ੧੩੪੬)

ਇਸ ਦੁਸ਼ਟੀ ਜਾਂ ਦੀਰਘ ਰੋਗ ਰੂਪ ਹਉਮੈ ਦਾ ਵਿਨਾਸ ਹੁੰਦਾ ਹੈ, ਗੁਰਸ਼ਬਦ ਦੁਆਰਾ। ਗੁਰਸ਼ਬਦ ਦੀ ਪ੍ਰਾਪਤੀ, ਆਪਣੇ ਹਿਰਦੇ ਨੂੰ ਨਾਮ ਬਾਣੀ ਦੇ ਰਸ ਦੁਆਰਾ ਨਿਰਮਲ ਕਰਨ, ਅਰਦਾਸ ਦੁਆਰਾ ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ ਬਣਨ ਤੇ ਨਾਮ-ਅਭਿਆਸ ਕਮਾਈ ਵਿਚ ਦ੍ਰਿੜ੍ਹਤਾ ਪੂਰਬਕ ਜੁੜੇ ਰਹਿਣ ਨਾਲ ਹੁੰਦੀ ਹੈ। ਇਸ ਕਰਤਾਰੀ ਜੁਗਤ ਤੋਂ ਬਿਨਾਂ ਜੀਵ ਦੇ ਸਾਰੇ ਇੰਦਰੇ ਝੂਠੀ ਮਾਇਆ ਦੇ ਪ੍ਰਭਾਵ ਹੇਠ ਸੁੱਤੇ ਪਏ ਹਨ। ਗੁਰਬਾਣੀ ਸੰਕੇਤ ਕਰਦੀ ਹੈ-

ਨੈਨਹੁ ਨੀਦ ਪਰਦ੍ਰਿਸਟਿ ਵਿਕਾਰ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥
ਰਸਨਾ ਸੋਈ ਲੋਭਿ ਮੀਠੈ ਸਾਦਿ॥
ਮਨੁ ਸੋਇਆ ਮਾਇਆ ਬਿਸਮਾਦਿ॥
ਇਸੁ ਗ੍ਰਿਹ ਮਹਿ ਕੋਈ ਜਾਗਤ ਰਹੈ॥
ਸਾਬਤੁ ਵਸਤੁ ਓਹੁ ਅਪਨੀ ਲਹੈ॥.....
ਸਾਬਤੁ ਪੂੰਜੀ ਸਤਿਗੁਰ ਸੰਗਿ॥
ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥

(ਪੰਨਾ ੧੯੨)

ਗੁਰੂ ਸਾਹਿਬ ਨੇ 'ਕੀਰਤਨ ਨਿਰਮੋਲਕ ਹੀਰਾ' ਦੀ ਇਕ ਅਜਿਹੀ ਸਰਬ ਸ੍ਰੇਸ਼ਟ ਜੁਗਤੀ ਦੱਸੀ ਹੈ ਜਿਸ ਵਿਚ ਗੁਰਬਾਣੀ ਦੇ ਗੋਹਝ ਮਰਮ ਰਾਗ ਦੀ ਰਸੀਲੀ ਲੈਅ, ਸੁਰ ਤੇ ਤਾਲ ਦੁਆਰਾ ਜੀਵ ਦੀ ਬਿਰਤੀ ਨੂੰ ਪ੍ਰਭੂ-ਚਰਨਾਂ ਨਾਲ ਜੋੜਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ, ਕਈ ਤਰ੍ਹਾਂ ਦੇ ਕਰਮਾਂ ਦੇ ਤਜਰਬੇ ਵਰਨਣ ਕਰਨ ਪਿਛੋਂ 'ਕੀਰਤਨ' ਨੂੰ ਹੀ ਸਭ ਤੋਂ ਉੱਚੀ ਦਾਤ-ਬਖ਼ਸ਼ਸ਼ ਦੱਸਦੇ ਹਨ-

ਹਰਿ ਕੀਰਤਿ ਸਾਧ ਸੰਗਤ ਹੈ,
ਸਿਰਿ ਕਰਮਨਕੈ ਕਰਮਾ॥......
ਤੇਰੇ ਸੇਵਕ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲ ਦੀਨ ਦੁਖ ਭੰਜਨ,
ਹਰਿ ਹਰਿ ਕੀਰਤਨ ਇਹੁ ਮਨ ਰਾਤਾ॥

(ਪੰਨਾ ੬੪੨)

ਜੀਵਾਂ ਦੇ ਉਧਾਰ ਸੰਬੰਧੀ ਭਗਤ ਰਤਨਾਵਲੀ ਦੀ ਪੰਦਰਵੀਂ ਪਉੜੀ ਵਿਚ ਇਕ ਪਰਸੰਗ ਇਉਂ ਵਰਨਣ ਹੈ :-

ਝਾਝੂ ਮੁਕੰਦੁ ਤੇ ਕਿਦਾਰਾ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਆਏ, 'ਗਰੀਬ ਨਿਵਾਜ ਜੀ ! ਅਸਾਡਾ ਉਧਾਰ ਕਯੋਂ ਕਰ ਹੋਵੇ ?'

ਤਾਂ ਬਚਨ ਹੋਇਆ- 'ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਿਯੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹੁ ਸਾਂਤਕੀ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ।.... ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੈ ਬਰਖਾ ਕਰਦਾ ਹੈ ਤੇ ਸਭੇ ਪੈਲੀਆਂ ਹਰੀਆਂ ਹੁੰਦੀਆਂ ਹੈਨ।......ਕੀਰਤਨ ਮਨ ਵਿਖੈ ਰਾਗ ਹਰਖ ਉਤਪੰਨ ਕਰਦਾ ਹੈ।' ਆਦਿ।

ਸੋ ਸਪਸ਼ਟ ਹੋਇਆ ਜੁ ਗੁਰਬਾਣੀ ਨੂੰ ਪ੍ਰੇਮ ਸਹਿਤ ਰਾਗ, ਸੁਰ ਤਾਲ ਵਿਚ ਗਾਇਨ ਕਰਨਾ ਜੀਵ ਨੂੰ ਸੌਖੇ ਤਰੀਕੇ ਨਾਲ ਪ੍ਰਭੂ ਦੀ ਸਮੀਪਤਾ ਬਖ਼ਸ਼ਦਾ ਹੈ, ਮਾਇਆ ਦੇ ਮਾਰੂ ਅਸਰ ਤੋਂ ਬਚਣ ਅਤੇ ਹਉਮੈ ਦੀ ਪਕੜ ਤੋਂ ਰਹਿਤ ਹੋ ਕੇ ਨਾਮ ਦੇ ਚਲੂਲੇ ਰੰਗ ਵਿਚ ਰੰਗੀਜਣ ਦਾ ਇਕੋ ਇਕ ਸਾਧਨ 'ਹਰਿ ਕੀਰਤਨ' ਹੈ, ਅਤੇ ਜੋ ਲਗਾਤਾਰੀ ਨਿਰਬਾਣ ਕੀਰਤਨ ਵਿਚ ਜਾਗਦੇ ਹਨ, ਉਹ ਵਡਭਾਗੇ ਹਨ ਤੇ ਉਨ੍ਹਾਂ ਦਾ ਜਾਗਣਾ ਹੀ ਸਫਲ ਹੈ।

ਜਾਗਨਾ ਜਾਗਨੁ ਨੀਕਾ,
ਹਰਿ ਕੀਰਤਨ ਮਹਿ ਜਾਗਨਾ॥


www.AKJ.Org

# ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਅਗਸਤ ੯੭)

## ੬-ਕਰਮ ਫਲ ਪਰਦਾਤਾ ਗੁਰੂ ਕਰਤਾਰ

(ਕੀਤੇ ਕਰਮਾਂ ਦੀ ਫਲ ਦਾਤਿ ਕਰਨੇ ਹਾਰ ਕਰਤਾਰ ਦੇ ਹਥਿ ਵਸਿ ਹੈ।।)

ਧੁਰਿ ਮਸਤਕਿ ਲਿਖਤ ਲਿਖੀ ਅਨੁਸਾਰ ਕਈ ਸ਼ੁਭ ਅਸ਼ੁਭ ਕਰਮ ਐਸੇ ਹਨ ਜੋ ਪ੍ਰਾਨੀ ਨੂੰ ਅਵਸੋਂ ਕਰਨੇ ਪੈਂਦੇ ਹਨ। ਏਹਨਾਂ ਅਵਸੋਂ ਕਰਨ ਯੋਗ ਕਰਮਾਂ ਦੀ ਲਿਖਤ ਭੀ ਕਰਤੇ ਪੁਰਖ ਵਲੋਂ ਲਿਖੀ ਹੋਈ ਹੁੰਦੀ ਹੈ। ਉਸ ਲਿਖਤ ਅਨੁਸਾਰ ਪ੍ਰਾਨੀ ਸੋ ਸੋ ਕਰਮ ਕਰਦਾ ਹੈ ਜੇਹੀ ਜੇਹੀ ਲਿਖਤ ਲਿਖਕੇ ਪਾਈ ਹੋਈ ਹੁੰਦੀ ਹੈ :-

**ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ।।**
**ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ।।**

(੬੧੦)

ਇਸ ਗੁਰਵਾਕ ਦੇ ਭਾਵ ਅਨੁਸਾਰ ਇਹ ਗਲ ਸਪਸ਼ਟ ਹੈ ਕਿ ਕਰਤੇ ਪੁਰਖ ਨੇ ਜੈਸੀ ਕਿਰਤ ਲਿਖ ਕੇ ਪਾਈ ਹੈ, ਜੈਸੀ ਲਿਖਤ ਲਿਖੀ ਹੈ, ਓਸੇ ਅਨੁਸਾਰ ਹੀ ਪ੍ਰਾਨੀ ਸੋਈ ਸੋਈ ਕਰਮ ਕਰਦਾ ਹੈ। ਗੁਰੂ ਕੇ ਸੇਵਕਾਂ ਸਿਖਾਂ ਨੂੰ ਗੁਰੂ ਕਰਤਾਰ ਨੇ ਉਸ ਦੇ ਪੂਰਬਲੇ ਸ਼ੁਭ ਲਿਖਤੀ ਕਰਮਾਂ ਅਨੁਸਾਰ ਨਾਮ ਜਪਣ ਦੀ ਸੇਵਾ ਰੂਪੀ ਸ਼ੁਭ ਸ੍ਰੇਸ਼ਟ ਤੇ ਸ਼ੁਭ ਕਰਮ ਹੀ ਲਿਖਕੇ ਦਿਤਾ ਹੈ। ਇਹ ਕਰਮ ਫਲ ਦਾਤਿ ਕਰਤੇ ਪੁਰਖ ਦੇ ਹਥ ਵਸਿ ਹੀ ਹੈ। ਇਹ ਫਲ ਪਰਦਾਤੀ ਕਰਮ ਦਾਤਾ ਕਰਮ ਫਲ ਪਰਦਾਤਾ ਕਰਤਾ ਪੁਰਖ ਗੁਰੂ ਕਰਤਾਰ ਆਪਿ ਅਪਣੀ ਕਰਮ ਅਭੀਚੀ ਪ੍ਰੇਰਨਾ ਦੇ ਜੋਰ ਕਰਾਉਂਦਾ ਹੈ। ਕਰਮ ਕਰਨੇ ਹਾਰ ਪ੍ਰਾਨੀ ਦਾ ਇਸ ਕਰਮ ਯਾ ਏਹਨਾਂ ਕਰਮਾਂ ਦੇ ਕਰਨ ਵਿਚਿ ਕੋਈ ਜੋਰ ਤਾਣ ਨਹੀਂ ਚਲਦਾ। ਕਿਉਂਕਿ ਏਹ ਕਰਮ ਉਸ ਦੇ ਪੂਰਬਲੇ ਕਰਮਾਂ ਦੇ ਸਿਲੇ ਵਿਚਿ ਉਸਦੇ ਧੁਰਿ ਮਸਤਕ ਲਿਖਤੀ ਕਰਮ ਹਨ ਜੋ ਕਰਮ ਬਿਧਾਤੇ ਗੁਰੂ ਨਾਨਕ ਨੇ ਕਰਮ ਦੇ ਫਲ ਰੂਪੀ ਸਿਲੇ ਵਿਚਿ ਸਭ ਤੋਂ ਭੁਗਤਾਉਣੇ ਹਨ। ਕਰਮਾਂ ਦਾ ਯਾ ਕਰਮ ਕਰਨ ਹਾਰੇ ਪ੍ਰਾਨੀ ਦਾ ਇਸ ਕਰਮ ਯਾ ਏਹਨਾਂ ਕਰਮਾਂ ਦੇ ਕਰਨ ਵਿਚ ਕੋਈ ਵਸ ਯਾ ਵਾਸਤਾ ਨਹੀਂ। ਕਰਮ ਕਰਨ ਹਾਰੇ ਦੇ ਅਪਣੇ ਵਸ ਹੋਵੇ ਤਾਂ ਉਹ ਆਪਣੇ ਆਪਿ ਹੀ ਫਲ ਭੁਗਤ ਭੁਗਤਾ ਲਵੇ। ਕਰਮਾਂ ਦੇ ਵਸਿ ਦੀ ਗਲ ਹੋਵੇ ਤਾਂ ਕੇਵਲ ਕਰਮ ਹੀ ਪਰਧਾਨ ਨ ਬਣਿ ਬੈਠਣ। ਗੁਰਮਤਿ ਅੰਦਰਿ ਕਰਮ ਨਿਰਜੀਉ ਹਨ। ਏਹਨਾਂ ਅੰਦਰਿ ਆਪੋਂ ਫਲ ਭੁਗਤਣ ਭੁਗਤਾਉਣ ਦੀ ਸੱਤਾ ਨਹੀਂ। ਆਨਮਤ ਕਰਮ ਫਿਲਾਸਫੀ ਏਸ ਕਰਕੇ ਫੋਕਟ ਹੈ। ਆਨਮਤਾਂ ਅਨੁਸਾਰ ਖਾਸ ਕਰਿ ਬੁਧ ਮਤਿ ਅਨੁਸਾਰ ਕਰਮਾਂ ਨੂੰ ਐਥੋਂ ਤਾਈ ਪਰਧਾਨਤਾ ਦਿਤੀ ਗਈ ਹੈ ਕਿ ਓਥੇ ਨਿਰਬਾਣ ਪਦ ਭੀ ਕਰਮਾਂ ਉਪਰ ਨਿਰਭਰ ਹੈ। ਸਿਖਰਲੇ ਸ੍ਰੇਸ਼ਟ ਕਰਮ ਹੀ ਓਥੇ ਨਿਰਬਾਣ ਰੂਪ ਗਰਦਾਨੇ ਗਏ ਹਨ। ਕਰਮ ਕਰਨ ਹਾਰਾ ਆਪੋਂ ਹੀ ਨਿਰਬਾਣ ਪਦ ਨੂੰ ਪੁਗਿਆ ਹੋਇਆ ਕੈਸੇ ਮੰਨਿਆ ਜਾ ਸਕਦਾ ਹੈ ? ਆਨ ਮਤ ਕਰਮ ਨਿਰਬਾਣਤਾ ਪਦ ਤਿਨਾ ਮਤਿ ਅਵਲੰਬੀਆਂ ਨੂੰ ਅਹੰਮਤ ਮਤਸਰ ਅਤੇ ਓੜਕ ਕੋਰੇ ਅਤੇ ਫੋਕਟ ਨਾਸਤਕ ਬਣਾ ਦਿੰਦਾ ਹੈ। ਪਰਮਾਤਮਾ ਤੋਂ ਨਿਰੋਲ ਮੁਨਕਰ ਕਰਾ ਦਿੰਦਾ ਹੈ। ਅਹੰਬ੍ਰਹਮ ਅਸਮੀ ਦੀ ਇੱਲਤ ਭੀ ਏਥੋਂ ਹੀ ਚਿਮੜਦੀ ਹੈ। " ਮੈਂ ਰਬ ਹਾਂ" ਦਾ ਫੋਕਾ ਦਾਅਵਾ ਇਸ ਨਿਰਬਾਣ ਕਰਮ ਇੱਲਤੀ ਫਿਲਾਸਫੀ ਤੋਂ ਹੀ ਉਪਜਦਾ ਹੈ। ਇਹ ਨਿਰਬਾਣ ਕਰਮ ਇੱਲਤੀ ਫਿਲਾਸਫੀ ਹੀ ਨਾਸਤਕਾਂ ਦੀ ਜਾਨ ਹੈ। ਗੁਰਮਤਿ ਅੰਦਰਿ ਨਿਰੇ ਕਰਮਾਂ ਦੇ ਵਸ ਦੀ ਕੋਈ ਗਲ ਨਹੀਂ। ਨਾਂ ਹੀ ਕਰਮ ਕਰਨ ਹਾਰੇ ਪ੍ਰਾਣੀ ਦੇ ਕੁਛ ਵਸੀਕਾਰ ਹੈ। ਉਸ ਦੇ ਕੀਤੇ ਕਰਮਾਂ ਦਾ ਫਲ ਦੇਣ ਹਾਰ ਗੁਰੂ ਕਰਤਾਰ ਹੈ। ਸ਼ੁਭ ਅਸ਼ੁਭ ਕਰਮ ਜੋ ਭੀ ਪ੍ਰਾਨੀ ਕਰਦਾ ਹੈ ਉਸਦਾ ਫਲ ਭੁਗਤਾਨੀ ਸਵਾਬ ਯਾ ਅਜ਼ਾਬ ਸਭ ਕਰਤੇ ਪੁਰਖ ਦੇ ਵਸਿ ਹੈ। ਕੀਤੇ ਕਰਮਾਂ ਦਾ ਦੇਣਹਾਰ ਯਾ ਲੈਣਹਾਰ ਕਰਮ ਕਰਨਹਾਰ ਪ੍ਰਾਨੀ ਹੀ ਗਰਦਾਨਿਆਂ ਜਾਂਦਾ ਹੈ, ਨਾ ਕਿ ਫਲ ਭੁਗਤਾਉਣ ਹਾਰਾ ਸਮਰਥ ਕਰਤਾ ਪੁਰਖ ! ਜਿਥੇ ਓਹ ਕਰਮਾਂ ਦੀ ਸ਼ਕਲ ਵਿਚਿ ਫਲ ਭੁਗਤਾਉਂਦਾ ਹੈ ਉਥੇ ਸ਼ਕਲ ਵਿਚ ਉਸ ਨੂੰ ਅਰਥਾਤ ਪੁਰਖ ਬਿਧਾਤੇ ਨੂੰ ਕਰਮਾਂ ਦਾ ਕਰਤਾ ਭੁਗਤਾ ਦਾਤਾ ਆਖਿਆ ਜਾਂਦਾ ਹੈ। ਪਰ ਇਸ ਤੋਂ ਕਰਮਾਂ ਦਾ ਕਰਨ ਹਾਰ ਪ੍ਰਾਨੀ ਅਪਣੀ ਕਰਮ ਗਤ ਤੋਂ ਗੈਰ ਜ਼ੁਮੇਵਾਰ ਨਹੀਂ ਸਮਝਿਆ ਜਾਂਦਾ। ਉਸ ਦੇ ਕਰਮਾਂ ਦੀ ਸਜ਼ਾ ਜਜ਼ਾ ਯਾ ਸਵਾਬ ਦਿਹੰਦੀ ਫਲ ਸਮਰਥਾ ਉਸਦੇ ਅਪਣੇ ਹਥ ਨਹੀਂ। ਬਲਕਿ ਕਰਮ ਫਲ ਪਰਦਾਤੇ ਗੁਰੂ ਕਰਤਾਰ ਦੇ ਵਸ ਗਤਿ ਹੈ। ਕਰਮ ਅਹੰਮਤਸਰੀ ਅਗਿਆਨੀ ਪੁਰਸ਼ ਸ਼ੁਭ ਕਰਮਾਂ ਦਾ ਕਰਨਹਾਰ ਤਾਂ ਆਪ ਖੁਦ ਬਣਕੇ ਬੈਠਦਾ ਹੈ ਅਤੇ ਅਸ਼ੁਭ ਕਰਮ ਕਿਸੇ ਹੋਰ ਤਾਕਤ ਦੇ ਮਥੇ ਮੜ੍ਹਦਾ ਹੈ। ਚਾਹੇ ਉਹ ਉਸ ਤਾਕਤ ਤੋਂ ਵਾਸਤਵ ਵਿਚਿ ਮੁਨਕਰ ਹੀ ਹੋਵੇ। ਪਰ ਬੁਰੇ ਕਰਮਾਂ ਦੀ ਬੁਰਾਈ ਦਾ ਜ਼ੁਮੇਵਾਰ ਠਹਿਰਾਉਣ ਨੂੰ ਕਿਸੇ ਹੋਰ ਤਾਕਤ ਨੂੰ ਗਰਦਾਨਦਾ ਹੈ। ਉਥੇ ਉਸ ਦੀ ਨਾਸਤਕਤਾ ਭੀ ਭੁਰਰ ਹੋ ਜਾਂਦੀ ਹੈ। ਗੁਰਮਤੋਂ ਸਖਣੇ ਜਿਤਨੇ ਭੀ ਮਨਮੁਖ



www.AKJ.Org

ਹਨ ਸਭਨਾ ਅੰਦਰਿ ਨਾਸਤਕਤਾ ਦਾ ਅਲਸਰ ਬਹੁਤ ਕੰਮ ਕਰਦਾ ਹੈ। ਕਰਮ ਪਰਧਾਨ ਮੰਨਣਹਾਰਿਆਂ ਨਿਰਬਾਣ ਮਤਾਂਸਰੀ ਦਾਨਿਆਂ ਅੰਦਰਿ ਇਸ ਨਾਸਤਕਤਾ ਦੀ ਸਗੋਂ ਬਾਹਲੀ ਬਹੁਲਤਾ ਹੈ। ਓਹਨਾਂ ਦੇ ਨਿਰਬਾਣ ਆਸਰਤ ਕਰਮ ਭੀ ਸਭ ਹਾਸੋਹੀਣੇ ਹਨ। ਚੇਸ਼ਟਾ ਤ੍ਰਿਸ਼ਨਾ ਨੂੰ ਮਾਰਨਾ ਓਹ ਅਪਣੀ ਉਕਤੀ ਯੁਕਤੀ ਵਾਲੇ ਤਿਆਗ ਦੁਆਰਾ ਹੀ ਨਿਰਬਾਣ ਸਮਝਦੇ ਹਨ। ਜੇਹੜਾ ਇਨਸਾਨ ਸਮੂਹ ਸੰਸਾਰਕ ਵਾਸ਼ਨਾ ਤ੍ਰਿਸ਼ਨਾ ਤੋਂ ਉਕਾ ਹੀ ਨਿਰਵਾਸ ਅਤੇ ਨਿਰਚਾਹ ਹੋ ਗਿਆ, ਬਸ ਉਹ ਓਹਨਾਂ ਦੇ ਭਾਣੇ ਨਿਰਬਾਣ ਪਦ ਨੂੰ ਪ੍ਰਾਪਤ ਹੋ ਗਿਆ। ਹਠ ਯੋਗ ਵਾਲੇ ਤਿਆਗ ਦਾ ਮਸਲਾ ਹੀ ਅਸਲ ਨਿਰਬਾਣ ਪਦ ਦੀ ਪਹੁੰਚ ਤੋਂ ਆਸਕਤ ਹੈ। ਗੁਰਮਤਿ ਅੰਦਰਿ ਅਸਲ ਨਿਰਬਾਣ ਇਸ ਬਿਧਿ ਨਿਰਣਤ ਹੈ :-

### ਨਿਰਬਾਣ ਪਦ

ਹੁਕਮੁ ਬੂਝਿ ਰੰਗ ਰਸ ਮਾਣੇ॥
ਸਤਿਗੁਰ ਸੇਵਾ ਮਹਾ ਨਿਰਬਾਣੇ॥
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ॥
ਨਾਮਿ ਰਤਾ ਸੋਈ ਨਿਰਬਾਣੁ॥ (੩੮੫)

ਤਾਂ ਤੇ ਨਿਰਬਾਣ ਪਦ ਦੇ ਗਾਹਕ ਨੂੰ ਗ੍ਰਿਸਤ ਦੇ ਤਿਆਗ ਦੀ ਲੋੜ ਨਹੀਂ, ਨਾਹੀ ਹਠ ਯੋਗ ਨਾਲਿ ਟਕਰਾਂ ਮਾਰਨ ਦੀ ਕੋਈ ਜ਼ਰੂਰਤ ਹੈ ਬਸ "ਨਿਰਬਾਣ ਪਦੁ ਇਕੁ ਹਰਿ ਕੋ ਨਾਮੁ।" ਦੇ ਗੁਰ ਵਾਕ ਅਨੁਸਾਰ ਗੁਰਮਤਿ ਨਾਮ ਅਭਿਆਸ ਕਮਾਈ ਹੀ ਨਿਰਬਾਣ ਪਦ ਦੀ ਸੂਚਕ ਹੈ। ਇਸ ਤਤ ਨਿਰਬਾਣ ਪਦ ਲਈ ਹੋਰਤ ਕਰਮ ਕਮਾਉਣੇ ਸਭ ਨਿਸਫਲ ਹਨ। ਆਨਮਤੀਆਂ ਦੀ ਤਾਂ ਕਰਮ ਪਰਧਾਨਤਾ ਵਾਲੀ ਕੁਮਤ ਹੀ ਸਫਲ ਫਲ ਹੈ, ਜਿਸਦਾ ਕਿ ਗੁਰਮਤਿ ਅੰਦਰਿ ਉਕਾ ਹੀ ਵਿਧਾਨ ਨਹੀਂ, ਸਗੋਂ ਨਿਖੇਧ ਹੀ ਨਿਖੇਧ ਹੈ। ਨਿਰਾ ਕਰਮ, ਫਲ ਪਰਦਾਨਤਾ ਦੀ ਸ਼ਕਤਿ ਤੇ ਆਸਕਤ (ਨਿਪੁੰਸਕ) ਹੈ। ਤਾਂ ਤੇ ਕਰਮ ਦੀ ਪਰਧਾਨਤਾ ਕਿਥੇ ਅਤੇ ਕਿਵੇਂ ਰਹੀ। ਪਰਧਾਨਤਾ ਕੇਵਲ ਫਲ ਪਰਦਾਤੇ ਨੂੰ ਹੀ ਹੈ। ਕਰਮ ਫਲ ਪਰਦਾਤਾ ਸਰਬ ਸ਼ਕਤੀਸ਼ਰ ਵਾਹਿਗੁਰੂ ਹੀ ਹੈ। ਜਿਸ ਤੋਂ ਉਪਰ ਸ਼ਕਤੀਵਾਨ (almight) ਸ਼ਕਤਿ ਤਾਕਤ ਹੋਰ ਕਿਸੇ ਨੂੰ ਨਹੀਂ। ਕਰਮਾਂ ਦੀ ਸੁਫਲ ਫਲਾਣੀ ਤਾਕਤ ਸ਼ਕਤਿ ਕਰਤੇ ਪੁਰਖ ਨੂੰ ਹੀ ਸ੍ਵੈਭੰ ਸਰੂਪ ਵਿਚਿ ਪ੍ਰਾਪਤਿ ਹੈ। ਇਹ ਤਾਕਤ ਸ਼ਕਤਿ ਨਾ ਕਿਸੇ ਪਰਕਿਰਤੀ ਜੀਵ ਨੂੰ ਪ੍ਰਾਪਤਿ ਹੈ ਨਾ ਪਰਕਿਰਤੀ ਕਿਰਤ ਨੂੰ। ਕਰਮ ਨੂੰ ਤਾਂ ਕੀ ਹੋਣੀ ਸੀ। ਤਿਸ ਤਾਕਤ ਨੂੰ ਸਿਰੀ ਜਪੁਜੀ ਸਾਹਿਬ ਦੀ ਤੇਤੀਵੀਂ ਪਉੜੀ ਵਿਚ 'ਜੋਰੁ' ਦਾ ਪਦ ਦੇ ਕੇ ਦਰਸਾਇਆ ਗਿਆ ਹੈ। ਤੇ ਨਿਰੂਪਨ ਕੀਤਾ ਗਿਆ ਹੈ ਕਿ ਇਹ ਜੋਰ (ਤਾਕਤ ਮਾਈਟ, ਸਕਤ, might) ਨਾ ਤਾਂ ਆਖਣ ਭਾਖਣ ਕਰਕੇ ਮਿਲਦਾ ਹੈ ਨਾਹੀ ਬੇਦ ਬੀਚਾਰੀ, ਬੇਦ ਪਾਠ ਪੜਤਾਰੀ ਆਨਮਤਿ ਮੰਤ੍ਰੀ ਬੋਲ ਬੋਲਾਰੀ ਭਾਖਿਆ ਆਖਭਾਖਿਆ ਤੋਂ ਮਿਲਦਾ ਹੈ। ਨਾਹੀ ਆਨਮਤ ਕਰਮ ਕਰਮਾਰੀ ਮੋਨ (ਚੁਪ) ਸਾਧਿਆਂ ਮਿਲਦਾ ਹੈ। ਇਹ 'ਜੋਰ' ਆਪਹੁਦਰੀ ਮੰਗਣ ਮੰਗਿਆਂ ਭੀ ਨਹੀਂ ਮਿਲਦਾ। ਨਾਹੀ ਦੇਣ ਦਾਤਾਰ ਦਾਤ ਸਕਤੀ ਦੇ ਦਾਤਾ ਬਣਿਆ ਮਿਲਦਾ ਹੈ। ਇਹੁ ਜੋਰ ਚਿਰੰਜੀਵੀ ਜੀਵਣ ਜੀਵਿਆਂ ਭੀ ਨਹੀਂ ਮਿਲਦਾ। ਨਾਹੀ ਅਹੰਮਤਿ ਮਰਨੀ ਮਰੀਵਿਆਂ ਮਿਲਦਾ ਹੈ ਮਰਨਿ ਮੁਕਤਿ ਪਦ ਵਾਲੀ ਜੋਰ (ਤਾਣ) ਵਾਲੀ ਗਲ ਗੁਰਮਤਿ ਅੰਦਰਿ ਛੋਛੀ ਅਤੇ ਹੋਛ ਗਰਦਾਨੀ ਗਈ ਹੈ। ਇਹ ਤਾਣੁ (ਕਲਾ, ਬਲ) ਨਾਹੀ ਰਾਜ ਕਰਕੇ ਨਾਹੀ ਮਾਲ ਕਰਕੇ ਨਾਹੀ ਮਨ ਸੰਕਲਪਤ ਸ਼ੋਰ ਸ਼ਰਾਬੇ ਵਾਲੇ ਅਲਪਗ ਅਤੇ ਮਸਨੂਈ ਧਿਆਨ ਜਮਾਇਆਂ ਮਿਲਦਾ ਹੈ। ਇਹ ਸਰਬ ਕਲਾ ਸਮਰਥਤਾ ਵਾਲਾ ਆਤਮ ਬਲ ਤਾਣ (ਜੋਰ) ਸੁਰਤੀਆਂ ਸਿਮ੍ਰਤੀਆਂ ਦੇ ਖੁਸ਼ਕ ਗਿਆਨ ਵੀਚਾਰ ਦੁਆਰਾ ਪ੍ਰਾਪਤਿ ਨਹੀਂ ਹੁੰਦਾ। ਨਾਹੀ ਇਹ ਜ਼ੋਰ (ਸਮਰਥਤਾ, ਸਪੰਨ, ਆਮ ਬਲ) ਸੰਸਾਰ ਤੋਂ ਤਿਆਗ ਛੁਟਕਾਰੇ ਦੀਆਂ ਜੁਗਤੀਆਂ ਦੁਆਰਾ ਹੀ ਪ੍ਰਾਪਤਿ ਹੁੰਦਾ ਹੈ। ਅਪਣੇ ਤਾਣ ਅਪਣੇ ਕਰਮਾਂ ਦੇ ਆਸਰੇ ਆਪੋਂ ਕੋਈ ਉਤਮ ਨਹੀਂ ਬਣ ਸਕਦਾ। ਕਰਮ ਵਿਕਰਮੀ ਨੀਚਤਾ ਵਾਲਾ ਫਲ ਪਰਦਾਤਾ ਭੀ ਇਕੋ ਅਕਾਲ ਪੁਰਖ ਹੈ। ਆਪੋਂ ਕੋਈ ਉਤਮ ਨੀਚ ਨਹੀਂ ਬਣਿ ਕਹਾ ਸਕਦਾ । ਜਿਸ ਸਰਬ ਕਲਾ ਸਮਰਥ ਅਕਾਲ ਪੁਰਖ ਦੇ ਹਥ ਵਸ ਵਿਚਿ ਸਾਰਾ ਬਲੁ ਤਾਣੁ ਜ਼ੋਰ ਹੈ ਓਹੀ ਬਲ ਜ਼ੋਰ ਮਾਨੁਖਾਂ ਨੂੰ ਬਖਸ਼ ਸਕਦਾ ਹੈ ਅਤੇ ਬਲਵਾਨ ਬਣਾ ਕੇ ਵੇਖਦਾ ਵਿਗਸਦਾ ਹੈ। ਯਥਾ ਗੁਰਵਾਕ :-

ਆਖਣਿ ਜੋਰੁ ਚੁਪੈ ਨਹ ਜੋਰੁ॥
ਜੋਰੁ ਨ ਮੰਗਣਿ ਦੇਣਿ ਨ ਜੋਰੁ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ॥
ਜੋਰੁ ਨ ਸੁਰਤੀ ਗਿਆਨ ਵੀਚਾਰਿ॥
ਜੋਰੁ ਨ ਜੁਗਤੀ ਛੁਟੈ ਸੰਸਾਰੁ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥
ਨਾਨਕ ਉਤਮੁ ਨੀਚੁ ਨ ਕੋਇ॥੩੩
(ਜਪੁਜੀ ਸਾਹਿਬ)

ਪਿਛਲੇ ਜਨਮ ਦੇ ਕਰਮਾਂ ਦਾ ਫਲ ਭੁਗਤਾਉਣ ਲਈ ਇਸ ਜਨਮ ਵਿਚਿ ਜੀਵਾਂ ਦੇ ਜੰਮਣ ਕਾਲ ਤੋਂ ਲੈ ਕੇ ਮਰਨ ਤਾਈਂ ਦੀ ਕਿਰਿਆ ਵਿਚਿ ਅਕਾਲ ਪੁਰਖ ਅਜ਼ਗੈਬੀ ਕਲਾ ਦਾ ਹਥ ਹੈ। ਆਪਣੀ ਆਯੂ ਦੇ ਪਹਿਲੇ ਪਹਿਰੇ ਵਿਚਿ ਜਦੋਂ ਜੀਵ ਮਾਤਾ ਦੇ ਗਰਭ ਵਿਚ ਆਉਂਦਾ ਹੈ ਤਾਂ ਓਥੇ

ਸੂਰਾ



www.AKJ.Org

ਉਸ ਅੰਧਕਾਰ ਵਿਚਿ ਉਸ ਦੀ ਪਾਲਨਾ ਕਰਨਹਾਰਾ ਗ਼ਾਇਬੁਲ ਪ੍ਰਸਤ ਵਾਹਿਗੁਰੂ ਹੀ ਹੈ। ਜੀਵਾਂ ਦੇ ਪਿਛਲੇ ਕਰਮਾਂ ਅਨੁਸਾਰ ਕਰਮ ਭੁਗਤਣੀ ਗਰਭ ਵਿਚਿ ਵਾਸਾ ਦਿੰਦਾ ਹੈ ਜੇਹੋ ਜਿਹਾ ਜਨਮ ਦੇਣਾ ਹੁੰਦਾ ਹੈ, ਓਹੋ ਜੇਹੀ ਗਰਭਨੀ ਕੁਲ ਕਰਮਨੀ ਮਾਤਾ ਦੀ ਕੁਖ ਵਿਚ ਜਾ ਪੈਂਦਾ ਹੈ। ਅਮੀਰ ਕੁਲ ਕਰਮਨੇ ਜੀਵ ਇਸ ਜਨਮ ਵਿਚਿ ਆਉਣ ਲਈ ਅਮੀਰ ਖਾਨਦਾਨ ਪਰਵਰਨੀ ਮਾਤਾ ਦੇ ਗ੍ਰਭ ਵਿਚਿ ਆਇ ਪੈਂਦਾ ਹੈ। ਅਤੇ ਗਰੀਬ ਕੁਲ ਕਰਮੀ ਪੂਰਬਲੇ ਅੰਕੂਰ ਸਫੁਟੀ ਕਰਮਾਂ ਕਰ ਗਰੀਬ ਘਰਾਨੇ ਦੀ ਜਨਨੀ ਦੀ ਕੁਖ ਵਿਚਿ ਆਇ ਪ੍ਰਵੇਸ਼ ਹੁੰਦਾ ਹੈ। ਆਪੋਂ ਨਹੀਂ, ਕਰਤਾ ਪੁਰਖ ਦੇ ਹੁਕਮ ਅਨੁਸਾਰ ਇਸ ਦੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਜੀਵ ਨੂੰ ਇਸ ਜਨਮ ਵਿਚਿ ਭੁਗਤਾਉਂਦਾ ਹੈ। ਦਸ ਮਾਸ ਗਰਭ ਅਗਨ ਦੀ ਮਾਰ ਤੋਂ ਬਚਾ ਕੇ ਰਖਣਾ ਕੇਵਲ ਸਮਰਥ ਪੁਰਖ ਦੀ ਹੀ ਸਮਰਥਤਾ ਹੈ। ਇਸ ਜੰਤੈ ਵਸਿ ਕਿਛ ਭੀ ਨਹੀਂ। ਜਨਮ ਲੈਣ ਵਿਖੇ ਜੀਵ ਦੀ ਆਯੂ ਦਾ ਕਰਮ ਮੁਹਲਤੀ ਟੇਵਾ ਪਹਿਲਾਂ ਹੀ ਲਿਖਤ ਵਿਚਿ ਲਿਖ ਦਿਤਾ ਹੁੰਦਾ ਹੈ। ਇਸ ਮੁਹਲਤ ਵਿਚਿ ਜੋ ਜੋ ਕਰਮ ਜੀਵ ਤੋਂ ਕਰਾਉਣੇ ਹੁੰਦੇ ਹਨ ਓਹ ਉਸ ਦੇ ਪੂਰਬਲੇ ਕਰਮਾਂ ਦੀ ਭੁਗਤ ਰੇਖਾ ਅਨੁਸਾਰੀ ਹੀ ਹੁੰਦੇ ਹਨ। ਜਿਸ ਦੇ ਕਰਨੋਂ ਉਹ ਟਲ ਨਹੀਂ ਸਕਦਾ। ਧੁਰਿ ਲਿਖਤਕਾਰ ਜੋ ਲਿਖੀ ਹੋਈ ਹੁੰਦੀ ਹੈ ਓਹਨਾਂ ਕਰਮਾਂ ਦੇ ਕਾਰਨ ਜੀਵ ਚੰਡਾਲ ਦੇ ਘਰਿ ਚੰਡਾਲਣੀ ਦੇ ਪੇਟੋਂ ਜਨਮ ਲੈ ਕੇ ਚੰਡਾਲਾਂ ਵਾਲੇ ਕਰਮ ਹੀ ਕਰੇਗਾ। ਪਾਰਸਾਵਾਂ ਦੇ ਘਰਿ ਜਨਮ ਲੈ ਕੇ ਅਤੇ ਪਾਰਸਾਣੀ ਦੇ ਪੇਟੋਂ ਜਨਮ ਕਰਿ ਪਾਰਸਾਵਾਂ ਵਾਲੇ ਹੀ ਕਰਮ ਕਰੇਗਾ। ਜਿਸ ਪਰਵਾਰ ਵਿਖੇ ਜਨਮ ਲੈਂਦਾ ਹੈ ਤਿਸ ਦੇ ਭੀਤਰ ਹੀ ਪ੍ਰਭੂ ਪਰਮਾਤਮਾ ਨੇ ਜੀਵ ਨੂੰ ਸੰਜੋਇਆ ਹੈ, ਕਰਮ ਸੰਜੋਅਣੀ ਜਨਮ ਦਿਤਾ ਹੈ, ਜੇਹੜੇ ਉਸ ਪਰਵਾਰ ਮੰਡਲ ਜੰਤਾ ਦੇ ਜਨਮ ਸੁਜਨਮੀ ਕਰਮ ਹਨ, ਤੇਹੋ ਜੇਹੇ ਕਰਮ ਇਸ ਨਵਜਨਮੀ ਜੀਵ ਜੰਤ ਨੂੰ ਭੀ ਕਰਨੇ ਪੈਣਗੇ। ਪਿਛਲੇ ਕਰਮਾਂ ਦਾ ਫਲ ਉਸ ਨੂੰ ਇਸ ਜਨਮ ਵਿਖੇ ਭੁਗਤਣਾ ਬਣੇਗਾ। ਭੁਗਤਣ ਭੁਗਤਾਉਣ ਵਾਲਾ ਪ੍ਰਭ ਪਰਮਾਤਮਾ ਹੈ। ਇਸ ਜੰਤ ਦੇ ਵਸਿ ਵਿਚਿ ਕਿਛ ਨਹੀਂ। ਸਾਧਾਰਨ ਕਰਮ ਅਤੇ ਸੁਕਰਮ ਉਸ ਤੋਂ ਆਪ ਹੀ ਕਰਮ ਫਲ ਪਰਦਾਤਾ ਕਰਤਾ ਪੁਰਖੁ ਕਰਾਉਂਦਾ ਹੈ। ਯਥਾ ਗੁਰਵਾਕ :-

ਪਹਿਲੈ ਪਹਰੈ ਰੈਣਿਕੈ ਵਣਜਾਰਿਆ
ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ।।
ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ।
ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ।।
ਮੁਹਲਤਿ ਕਰਿ ਦੀਨੀ ਕਰਮ ਕਮਾਣੇ
ਜੈਸਾ ਲਿਖਤੁ ਧੁਰਿ ਪਾਇਆ।।
ਮਾਤ ਪਿਤਾ ਭਾਈ ਸੁਤ ਬਨਿਤਾ
ਤਿਨ ਭੀਤਰਿ ਪ੍ਰਭੂ ਸੰਜੋਇਆ।।
ਕਰਮ ਸੁਕਰਮ ਕਰਾਏ ਆਪੇ
ਇਸੁ ਜੰਤੈ ਵਸਿ ਕਿਛੁ ਨਾਹਿ।।
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਧਰਿ ਪਾਇਤਾ ਉਦਰੈ ਮਾਹਿ।।(ਸਿਰੀ ਰਾਗ ਮ: ੫)

ਜਿਸ ਜਿਸ ਮਾਤ ਪਿਤਾ ਬਨਿਤਾ ਸੁਤ ਭਾਈ ਦੇ ਸੰਗਿ ਸੰਜੋਗ ਜੁੜ ਕੇ ਪਿਛਲੇ ਜਨਮ ਦੀ ਕਰਮ ਰੇਖਾ ਅਨੁਸਾਰ ਲਿਖੇ ਹੋਏ ਹੋਣਗੇ ਤਿਨਾਂ ਭੀਤਰ ਹੀ ਸੰਜੋਗ ਅਨੁਸਾਰ ਉਹ ਜਨਮ ਲਏਗਾ ਤਿਨਾ ਸੰਗਿ ਜੁੜੇ ਸੰਜੋਗਾਂ ਅਨੁਸਾਰ ਹੀ ਉਹ ਇਸ ਜਨਮ ਵਿਖੇ ਕਰਮ ਕਮਾਏਗਾ। ਜਿਥੋਂ ਤਾਈਂ ਕਰਮ ਸੰਜੋਗੀ ਅਤੇ ਸੰਜੋਗ ਭੋਗੀ ਕਰਮਾਂ ਦਾ ਲੇਖਾ ਹੈ ਓਥੋਂ ਤਾਈਂ ਤਿਨਾਂ ਪੂਰਬ ਸੰਜੋਗੀ ਕਰਮਾਂ ਨੂੰ ਭੁਗਤਾਉਣ ਲਈ ਲਿਖਤੀ ਰੇਖਾ ਅਨੁਸਾਰੀ ਕਰਮ ਕਰੇਗਾ। ਮੁਹਲਤ ਕਰੰਮਨੀ ਰੇਖਾ ਪੂਰਬਲੀ ਜਦੋਂ ਮੁਕ ਗਈ ਫੇਰ ਅਗਲੇਰੇ ਕਰਮ ਉਹ ਅਪਣੀ ਕਰਮ ਭੂਮੀ ਵਿਚਿ ਵਖਰੇ ਬੋਵੇਗਾ। ਜਿਸ ਦਾ ਲੇਖਾ ਉਸ ਨੂੰ ਭੁਗਤਾਉਣ ਹਾਰਾ ਅਗੇ ਚਲਕੇ ਭੁਗਤਾਵੇਗਾ। ਮਨਮੁਖਾਂ ਵਾਲੇ ਜੀਵ ਜੋ ਨਵੇਂ ਸਿਰਿਓਂ (ਪਿਛਲੇ ਕਰਮਾਂ ਦਾ ਲੇਖਾ ਭੁਗਤਾਇਕੇ) ਕਰਨਗੇ ਅਤੇ ਮਨਮੁਖੀ ਕਰਮ ਕਰਦੇ ਹੀ ਮਰ ਜਾਣਗੇ, ਓਹ ਸਦਾ ਹੀ ਦੁਹੇਲੇ ਰਹਿਣਗੇ। ਕਿਉਂਕਿ ਇਹ ਮਨੁਖਾ ਜਨਮ ਓਹਨਾਂ ਨੂੰ ਫੇਰ ਨਹੀਂ ਮਿਲੇਗਾ। ਰਬ ਸਬਬੀ ਹੀ ਭਾਵੇਂ ਮਿਲੇ। ਜੇਹੜੇ ਗੁਰਮੁਖ ਜਨ ਪੂਰੇ ਸਤਿਗੁਰੂ ਦੇ ਸਿਖ ਸੇਵਕ ਬਣਕੇ ਸਤਿਗੁਰੂੰ ਦੀ (ਦਰਸਾਈ ਦ੍ਰਿੜਾਈ) ਸੇਵਾ ਭਾਵਨਾ ਭਗਤੀ ਕਰਨਗੇ ਉਹ ਅਗਲੀ ਦਰਗਾਹ ਵਿਚਿ ਜਾ ਕੇ ਸਦਾ ਹੀ ਸੁਹੇਲੇ ਰਹਿਣਗੇ। ਏਸ ਨਵੀਨ ਜਨਮੀ ਧਰਤੀ ਵਿਖੇ ਜੇਹਾ ਨਵੀਨ ਕਰਮ ਬੀਜ ਓਹ ਬੋਵਣਗੇ ਤੇਹਾ ਹੀ ਉਹ ਕਰਮ ਬੀਜ ਬੀਜੇ ਅਨੁਸਾਰ ਅਗੇ ਜਾ ਕੇ ਯਾ ਅਗਲੇ ਜਨਮ ਵਿਖੇ ਓਹ ਭੁੰਚਣਗੇ (ਖਾਣਗੇ), ਭਗਤੀ ਕਰਨ ਹਾਰੇ ਭਗਤ ਜਨ ਤਾਂ ਅਗੇ ਜਾ ਕੇ ਵਾਹਿਗੁਰੂ ਦੇ ਦਰਬਾਰ ਵਿਚਿ ਸੋਭਾ ਪਾਉਣਗੇ (ਸੋਹਣਗੇ) ਅਤੇ ਮਨਮੁਖ ਪਏ ਜਨਮਾਂ ਵਿਖੇ ਨਾਨਾ ਪ੍ਰਕਾਰੀ ਗਰਭ ਜੋਨੀਆਂ ਵਿਚਿ ਭਉਂਦੇ ਭਰਮਦੇ ਤੇ ਭਟਕਦੇ ਭਟਕ ਭਟਕ ਕੇ ਚੋਟਾਂ ਖਾਂਦੇ ਰਹਿਣਗੇ। ਇਹ ਗੁਰੂ ਨਾਨਕ ਸਾਹਿਬ ਦਾ ਨਿਜ ਉਚਰਨੀ ਵਾਕ ਹੈ। ਵਾਹਿਗੁਰੂ ਗੋਬਿੰਦ ਦਾ ਲਿਖਿਆ ਧੁਰਿ ਲੇਖ ਕਦੇ ਮਿਟਦਾ ਨਹੀਂ। ਮਨਮੁਖ ਅਪਣਾ ਕਮਾਣਾ ਸਾਥ ਲੈ ਕੇ ਹੁਕਮ ਦੇ ਬਧੇ ਪਛੋਤਾਉਂਦੇ ਹੀ ਉਠ ਜਾਣਗੇ ਅਤੇ ਜ਼ਰੂਰ ਜਮਾਂ ਦੇ ਵਸਿ ਪੈਣਗੇ। ਜਿਨਾਂ ਤੋਂ ਛੁਟਕਾਰਾ ਕਦੇ



www.AKJ.Org

ਨਹੀਂ ਹੋਣਾ। ਅੰਤ ਕਾਲ ਓਹ ਇਕ ਰਤੀ ਭੀ ਬਿਲਮ ਨਹੀਂ ਲਗਣ ਦੇਣਗੇ ਜਾਨ ਕਢਣ ਵਿਚਿ ਕਿਉਂਕਿ ਓਹਨਾਂ ਦੇ ਤਕੜੇ ਜਮ ਜਫੜੇ ਵਾਲੇ ਹਥ ਪਏ ਹੋਣਗੇ। ਯਥਾ ਗੁਰਵਾਕ :-

ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ
ਮਿਤ੍ਰਾ ਉਠਿ ਚਲੇ ਕਮਾਣਾ ਸਾਥਿ।।
ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ
ਮਿਤ੍ਰਾ ਓਨੀ ਤਕੜੇ ਪਾਏ ਹਾਥ।।
ਲਿਖਿਆ ਆਇਆ ਪਕੜਿ ਚਲਾਇਆ
ਮਨਮੁਖ ਸਦਾ ਦੁਹੇਲੇ।।
ਜਿਨੀ ਪੂਰਾ ਸਤਿਗੁਰ ਸੇਵਿਆ
ਸੇ ਦਰਗਹ ਸਦਾ ਸੁਹੇਲੇ।।
ਕਰਮ ਧਰਤੀ ਸਰੀਰ ਜੁਗ ਅੰਤਰਿ
ਜੋ ਬੋਵੈ ਸੋ ਖਾਤਿ।।
ਕਹੁ ਨਾਨਕ ਭਗਤ ਸੋਹਹਿ ਦਰਵਾਰੇ
ਮਨਮੁਖ ਸਦਾ ਭਵਾਤਿ।। (ਪੰਨਾ ੭੮)

(ਸਿਰੀ ਰਾਗ ਮਹਲਾ ੫)

ਸਰੀਰ ਧਰਤੀ ਰੂਪੀ ਕਰਮ ਭੂਮ ਪਰਿ ਜੈਸਾ ਬੀਜ ਕੋਈ ਬੋਵੇਗਾ (ਬੀਜੇਗਾ) ਸੋਈ ਖਾਇਗਾ। ਬੀਜ ਬੋਏ ਨੂੰ ਫਲ ਲਾ ਕੇ ਫਲ ਭੁਗਤਾਉਣੀ ਕਰਮ ਫਲ ਪਰਦਾਤੇ ਪੁਰਖੁ ਬਿਧਾਤੇ ਦੇ ਅਖਤਿਆਰ ਹੈ।

ਸਿਰਜਨਹਾਰ ਕਰਤੇ ਪੁਰਖ ਨੇ ਆਪ ਹੀ ਸਾਰੀ ਸ੍ਰਿਸ਼ਟੀ ਉਪਾਈ ਹੈ ਅਤੇ ਇਸ ਨਿਜ ਉਪਾਈ ਸ੍ਰਿਸ਼ਟੀ ਵਿਚਿ ਉਪਾਏ ਏ ਜੀਅ ਜੰਤ ਨੂੰ ਸਾਰਿਆਂ ਜੀਵਾਂ ਨੂੰ ਆਪੇ ਹੀ ਰਿਜ਼ਕ ਸੰਬਾਹ ਰਿਹਾ ਹੈ। ਸਭਨਾਂ ਦਾ ਰਾਜ਼ਕ ਮਾਲਕ ਪ੍ਰਤਿਪਾਲਕ ਓਹੀ ਇਕ ਪਾਰਬ੍ਰਹਮ ਪਰਮੇਸ਼ਰ ਸ੍ਰਿਸ਼ਟੀ ਨਾਥ ਹੈ। ਜੇਹੜੇ ਉਸ ਰਾਜ਼ਕ ਰਿਜ਼ਕ ਦਾਤੇ ਦੀ ਦਿਤੀ ਰੋਜ਼ੀ ਰਿਜ਼ਕ ਤੇ ਸਾਬਰ ਸ਼ਾਂਕਰ ਨਹੀਂ ਰਹਿੰਦੇ , ਕਨਾਅਤ ਕਰਿ ਨਹੀਂ ਬਹਿੰਦੇ, ਸੰਤੁਸ਼ਟ ਨਹੀਂ ਹੁੰਦੇ , ਓਹ ਵਲ ਛਲ ਕਰਕੇ ਰੋਜ਼ੀ ਕਮਾਉਂਦੇ ਅਤੇ ਖੋਟੀਆਂ ਕਮਾਈਆਂ ਕਰਿ ਕਰਿ ਖਾਂਦੇ ਪਹਿਨਦੇ ਹਨ ਅਤੇ ਅਜੇ ਹੀ ਖੋਟੀ ਕਮਾਈ ਕਰਨ ਲਗਿਆਂ ਅਰਲ ਬਰਲ ਕੂੜ ਕੁਸਤ ਮੂੰਹੋ ਕਢ ਕੇ ਝੂਠ ਬੋਲ ਕੇ ਵਰਤੋਂ ਬਿਉਹਾਰ ਸੰਸਾਰ ਵਿਖੇ ਕਰਦੇ ਹਨ ਤਿਸ ਕੂੜ ਠਗੀ ਦਾ ਫਲ ਓਹ ਆਪੇ ਅਪਣੇ ਖੋਟੇ ਕਰਮਾਂ ਕਰਿ ਭੁੰਚਦੇ ਹਨ ਭੁੰਚਾਉਣ ਹਾਰਾ ਆਪਿ ਤਿਜੇਹੀ ਹੀ ਸਜ਼ਾ ਜਜ਼ਾ ਵਿਚਿ ਹੋਰ ਖੋਟੇ ਕਰਮ ਓਹਨਾਂ ਤੋਂ ਕਰਾਉਂਦਾ ਜੇਹਾ ਸਜ਼ਾ ਦਿਹੰਦ ਦੀ ਤਾੜਨਾ ਰੂਪੀ ਭਾਵਨੀ ਦੁਆਰਾ

ਜੋ ਭਾਵ ਭੁਗਤਾਉਣੀ ਸਜ਼ਾ ਓਹਨਾਂ ਨੂੰ ਮਿਲਣੀ ਹੈ ਤੇਹੋ ਜੇਹੇ ਖੋਟੇ ਕਰਮਾਂ ਵਿਚਿ ਓਹਨਾਂ ਨੂੰ ਪਰਵਿਰਤ ਅਤੇ ਖਚਤ ਕੀਤਾ ਜਾਂਦਾ ਹੈ। ਓਹ ਕਰਮ ਓਹਨਾਂ ਨੂੰ ਚੁਰਾਸੀ ਦੇ ਗੇੜ ਦੀਆਂ ਹੋਰ ਸਜ਼ਾਵਾਂ ਦਿਵਾਉਦੇ ਹਨ। ਜੋ ਸ਼ੁਭ ਕਰਮ ਬੀਜ ਬੋਵੰਦੇ ਹਨ ਅਪਣੀ ਨਵੀਨ ਕਰਮ ਭੂਮ ਮਈ ਸਰੀਰ ਧਰਤੀ ਵਿਚਿ ਓਹਨਾਂ ਨੂੰ ਸ਼ੁਭ ਕਰਮ ਅੰਕੂਰੀ ਸੁਫਲ ਫਲ ਇਹ ਮਿਲਦਾ ਹੈ ਕਿ ਓਹਨਾਂ ਨੂੰ ਸ੍ਰੇਸ਼ਟ ਕਰਮਾਂ ਸਿਰ ਅਤੇ ਸ੍ਰੇਸ਼ਟ ਕਰਮ ਸਚੇ ਨਾਮ ਦੀ ਅਭਿਆਸ ਕਮਾਈ ਦਾ ਦ੍ਰਿੜਾਵਣਾ ਬੁਝਾਵਣਾ ਮਿਲਦਾ ਹੈ ਅਤੇ ਨਾਮ ਦੇ ਅਖੁਟ ਅਤੇ ਅਤੁਟ ਭੰਡਾਰ ਗੁਰੂ ਦੁਆਰਿਓਂ ਓਹਨਾਂ ਨੂੰ ਮਿਲਦੇ ਹਨ ਅਤੇ ਭੁੰਚਾਏ ਜਾਂਦੇ ਹਨ। ਜੋ ਜਨ ਵਾਹਿਗੁਰੂ ਨੂੰ ਚੇਤ ਕੇ ਸਿਮਰ ਕੇ ਖਾਂਦੇ ਪੀਂਦੇ ਪਹਿਨਦੇ ਹਨ, ਤਿਨਾ ਦਾ ਖਾਣਾ ਪੀਣਾ ਪਹਿਨਣਾ ਸਫਲ ਹੈ। ਅਤੇ ਜੇਹੜੇ ਪ੍ਰਾਨੀ ਨਾਮ ਨਹੀਂ ਜਪਦੇ ਤਿਨਾਂ ਨਾਮੋਂ ਭੁਲਿਆਂ ਨੂੰ ਅਜੇਹੀ ਭੁਲ ਪਾਈ ਹੈ ਕਿ ਦਸ ਨੌਹਾਂ ਦੀ ਕਮਾਈ ਭੀ ਨਹੀਂ ਕਰ ਸਕਦੇ। ਖੋਟੀਆਂ ਉਪਜੀਵਕਾਂ ਕਰਦਿਆਂ ਹੋਇਆ ਓਹਨਾਂ ਪਾਸੋਂ ਅਗਲਾ ਖਟਿਆ ਕਮਾਇਆ ਭੀ ਉਡ ਜਾਂਦਾ ਹੈ। ਓੜਕ ਓਹ ਲੋਕਾਂ ਮੰਗ ਕੇ ਖਾਣ ਹਥ ਅਡੀ (ਟੱਡੀ) ਫਿਰਦੇ ਹਨ। ਯਥਾ ਗੁਰਵਾਕ :-

*ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ।।*
*ਇਕਿ ਵਲੁ ਛਲੁ ਕਰਿਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ।।*
*ਤੁਧੁ ਆਪੇ ਭਾਵੈ ਸੋ ਕਰਹਿ ਤੁਧੁ ਓਤੈ ਕੰਮਿ ਓਇ ਲਾਇਆ।।*
*ਇਕਨਾ ਸਚੁ ਬੁਝਾਇਓਨੁ ਤਿਨਾ ਅਤੁਟ ਭੰਡਾਰ ਦੇਵਾਇਆ।।*
*ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ ਤਡਾਇਆ।।*

(ਸਿਰੀ ਰਾਗ ਕੀ ਵਾਰ ਪਉੜੀ ੮) (੮੫)

ਨਿਗੁਰੇ ਗੁਰੂ ਹੀਣੇ ਮੀਣੇ ਮਨਮੁਖਾਂ ਦੇ ਕਰਮ ਕਮਾਵਣੇ ਐਸੇ ਹੀ ਨਿਸਫਲ ਹਨ ਜਿਵੇਂ ਸੋਹਾਗ ਹੀਣੀ ਦੋਹਾਗਨ ਰੰਨ ਦੇ ਤਨਿ ਸੀਗਾਰ ਲਗਾਵਣੇ ਨਿਸਫਲ ਹਨ। ਨਿਖਸਮੀ ਦੇ ਸੀਗਾਰ ਕਾਹਦੇ ਹਨ। ਸਭ ਬਿਰਥੇ ਹਨ। ਤੈਸੇ ਮਨਮੁਖਾਂ ਦੇ ਕਰਮ ਹਨ। ਓਹਨਾਂ ਦੀ ਕਮਾਈ ਅਜਾਈ ਹੀ ਜਾਂਦੀ ਹੈ। ਮਨਮੁਖੀ ਕਰਮ ਕੀਤਿਆਂ ਸਚਾ ਸੁਹਾਗ ਭਾਗ ਪਰਮਾਰਥ ਦੀ ਪ੍ਰਾਪਤੀ ਦਾ ਨਹੀਂ ਲਹੀਦਾ। ਜਿਵੇਂ ਦੋਹਾਗਣੀ ਦੀ ਸੇਜੇ ਕੰਤ ਨਹੀਂ ਆਵੰਦਾ ਤਿਵੇਂ ਮਨਮੁਖੀ ਜਗਿਆਸੂ ਇਸਤ੍ਰੀ ਸਦਾ ਪਿਰ ਬਿਹੂਣੀ ਹੀ ਰਹਿੰਦੀ ਹੈ। ਉਸ ਨੂੰ ਮਨਮੁਖੀ ਕਰਮ ਕਰਕੇ ਕੁਛ ਭੀ ਪ੍ਰਾਪਤੀ ਨਹੀਂ। ਸਗੋਂ ਮਨਮੁਖੀ ਕਰਮ ਕਰ ਕੇ ਨਿਤ ਨਿਤ ਖੁਆਰੀ ਹੀ ਰਹਿੰਦੀ ਹੈ। ਜਿਉਂ ਜਿਉਂ ਮਨਮੁਖੀ ਕਰਮ ਕਰਦੀ ਹੈ ਤਿਉਂ ਤਿਉਂ ਖਜਲ ਖੁਆਰ ਹੀ ਹੁੰਦੀ ਫਿਰਦੀ ਹੈ। ਨਾਹੀਂ ਉਸ ਦੀ ਘਾਲ ਇਸ ਲੋਕ ਵਿਚਿ ਥਾਂਇ ਪੈਂਦੀ ਹੈ ਨਾਹੀ ਉਸ ਨੂੰ ਦਰਗਹ ਢੋਈ ਮਿਲਦੀ ਹੈ। ਸਚੇ ਪਿਰ ਰੀਸਾਲੂ ਵਾਹਿਗੁਰੂ ਪਰਮਾਤਮਾ ਦਾ ਮਹਲ ਓਹਨਾਂ ਨੂੰ ਕਦੇ ਪ੍ਰਾਪਤਿ ਨਹੀਂ ਹੁੰਦਾ। ਕਿਉਂਕਿ ਓਹਨਾਂ ਦੀ ਮਨਮੁਖਤਾ ਓਹਨਾਂ ਨੂੰ ਇਸ ਲੋਕ


www.AKJ.Org

ਵਿਖੇ ਸਤਿਗੁਰੂ ਦੇ ਦਰੋਂ ਘਰੋਂ ਸਦਾ ਬੇਮੁਖ ਰਖਦੀ ਹੈ। ਓਹਨਾਂ ਨੂੰ ਕਿਸੇ ਘਰ ਬਾਰ ਵਿਖੇ ਭੀ ਠਿਕਾਣਾ ਲੈਣਾ ਨਹੀਂ ਸੁਝਦਾ। ਸਚਾ ਗੁਰਦੁਆਰਾ ਦਰਬਾਰ ਤਾਂ ਓਹਨਾਂ ਨੂੰ ਕੀ ਦਿਸਣਾ ਸੀ। ਕੋਈ ਗੁਰਮੁਖ ਹੀ ਗੁਰੂ ਦੇ ਘਰ ਦਰ ਨੂੰ ਪ੍ਰਾਪਤਿ ਹੁੰਦਾ ਹੈ। ਅਤੇ ਸਚੇ ਕਰਮ ਗੁਰਮਤਿ ਕਰਮ ਕਮਾਉਣ ਦੀ ਸਚੀ ਬੁਝਣੀ ਬੁਝਦਾ ਹੈ। ਇਹ ਸਚੀ ਬੁਝਣੀ ਬੁਝੇ ਬਿਨਾ ਕਰਮ ਕਮਾਉਣੇ ਮਾਨੁਖਾ ਜਨਮ ਰੂਪੀ ਰਤਨ ਪਦਾਰਥ ਨੂੰ ਅਜਾਈਂ ਖੋਵਣਾ ਹੈ। ਇਹ ਦਾਤਿ ਸਚੇ ਸੁਚੇ ਕਰਮਾਂ ਦੀ ਦਾਤਿ ਦਾਤਾ ਵਾਹਿਗੁਰੂ ਕਰਤਾ ਪੁਰਖ ਆਪੇ ਅਪਨੀ ਨਦਰ ਕਰ ਦੇਵੇਂ ਤਾਂ ਹੀ ਪਾਈਦੀ ਹੈ। ਹੋਰ ਕਰਣ ਪਲਾਵ ਕੀਤਿਆਂ ਕੁਛ ਨਹੀਂ ਬਣਦਾ। ਏਹ ਦਾਤ ਦੇਵਣ ਵਾਲੇ ਗੁਰੂ ਕਰਤਾਰ ਦੇ ਹਥਿ ਹੈ। ਅਤੇ ਕਰਤਾਰ ਦੀ ਨੇਤ ਅਨੁਸਾਰ ਗੁਰਦੁਆਰੇ ਹੀ ਪਾਈਦੀ ਹੈ ਅਤੇ ਕਰਮਾਂ ਅਨੁਸਾਰ ਹੀ ਮਿਲਦੀ ਹੈ। ਕਰਮਾਂ ਉਤੇ ਹੀ ਨਦਰ ਹੁੰਦੀ ਹੈ। ਜੇਹੇ ਕਰਮ ਕੋਈ ਕਮਾਵੰਦਾ ਹੈ ਤੇਹੋ ਜੇਹੀ ਹੀ ਨਦਰ ਹੁੰਦੀ ਹੈ ਅਤੇ ਤੇਹੋ ਜੇਹਾ ਹੀ ਫਲ ਮਿਲਦਾ ਹੈ। ਸਭ ਕੁਛ ਕਰਮ ਫਲ ਦਾਤੇ ਦਾਤਾਰ ਗੁਰੂ ਕਰਤਾਰ ਦੇ ਹਥਿ ਵਸਿ ਹੈ। ਉਪਰਲਾ ਭਾਵ ਐਨ ਹੇਠਲੇ ਗੁਰਵਾਕ ਅਨੁਸਾਰ ਠੀਕ ਉਤਰਦਾ ਹੈ :-

ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ।।
ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ।।
ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ।।......।।
ਭਾਈ ਰੇ ਗੁਰਮੁਖਿ ਬੂਝੈ ਕੋਇ।। (੩੧)
ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ।।ਰਹਾਉ।।...
ਆਪੇ ਦੇਇ ਤ ਪਾਈਐ ਹੋਰੁ ਕਰਣਾ ਕਿਛੂ ਨ ਜਾਇ।
ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ।।
ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ।।੪।।੧੭।।੫੦।।
(ਸਿਰੀ ਰਾਗ ਮਹਲਾ ੩)(੩੩)

ਬਿਚਾਰੇ ਕਰਮ ਕਰਨ ਕਮਾਵਣ ਵਾਲੇ ਪ੍ਰਾਨੀ ਦੇ ਹਥਿ ਕੁਛ ਨਹੀਂ। ਆਪਣੇ ਹੁਦਰੋਂ ਉਹ ਕੀ ਕੁਛ ਕਰ ਸਕਦਾ ਹੈ। ਅਤੇ ਉਸ ਬੀਚਾਰੇ ਕਰਮ ਕਰਨ ਹਾਰੇ ਦੇ ਵਸਿ ਭੀ ਕੀ ਹੈ ? ਪੂਰਨ ਖਸਮੁ ਗੁਰੂ ਕਰਤਾਰ ਉਸ ਦੇ ਪੂਰਬਲੇ ਕਰਮਾਂ ਅਨੁਸਾਰ ਜਿਧਰ ਜਿਸ ਪਾਸੇ ਉਸ ਨੂੰ ਲਾਉਂਦਾ ਹੈ ਤਿਸ ਪਾਸੇ ਓਹ ਲਗਦਾ ਹੈ। ਯਥਾ ਗੁਰਵਾਕ :-

ਕਿਆ ਕਿਛ ਕਰੈ ਕਿ ਕਰਣੈ ਹਾਰਾ
ਕਿਆ ਇਸੁ ਹਾਥਿ ਬਿਚਾਰੇ।।
ਜਿਤੁ ਤੁਮ ਲਾਵਹੁ ਤਿਤ ਹੀ ਲਾਗਾ
ਪੂਰਨ ਖਸਮ ਹਮਾਰੇ।। (੨੧੬)

ਕਰਮਾਂ ਦਾ ਖੇਤੁ ਸਭ ਕੋਈ ਬੀਜਦਾ ਬਾਹੁੰਦਾ ਕਮਾਉਂਦਾ ਹੈ ਆਪਣੇ ਜਾਣੇ ਸਭ ਕੋਈ ਅਪਣੇ ਭਲੇ ਨੂੰ ਹੀ ਖੇਤੁ ਬੀਜਦਾ ਹੈ। ਪਰ ਜੋ ਖੇਤ ਖਸਮ ਕਰਤੇ ਪੁਰਖ ਨੂੰ ਭਾਉਂਦਾ ਹੈ ਉਹੀ ਜੰਮ ਕੇ ਸਿਰੇ ਚੜਦਾ ਹੈ ਕਰਮਾਂ ਦੀ ਖੇਤੀ ਜਮਾਉਣ ਪਕਾਉਣ ਹਾਰ ਖੁਦ ਖਸਮ ਕਾਦਰ ਆਪਿ ਹੀ ਹੈ। ਗੁਰਮੁਖ ਗੁਰਸਿਖ ਸਤਿਗੁਰੂ ਪ੍ਰਾਇਨ ਹੋ ਕੇ ਹੀ ਸਤਿਗੁਰ ਦਰਸਾਏ ਸ਼ੁਭ ਕਰਮਾਂ ਗੁਰਮਤਿ ਕਰਮਾਂ ਦੀ ਖੇਤੀ ਬੀਜਦੇ ਹਨ। ਸਤਿਗੁਰੂ ਦੇ ਆਸਰੇ ਪ੍ਰਾਇਨੀ ਧਰਮ ਧਰਤੀ ਵਿਚਿ ਜੇਹਾ ਕੋ ਬੀਜੈ ਤੇਹਾ ਹੀ ਫਲ ਪਾਉਂਦਾ ਹੈ। ਗੁਰੂ ਦੇ ਸਿਖ ਗੁਰ ਹੁਕਮੀ ਬੰਦੇ ਹੋਇਕੇ ਅੰਮ੍ਰਿਤ ਨਾਮ ਦੇ ਅੰਮ੍ਰਿਤ ਫਲ ਹੀ ਪਰਦਾਨ ਕਰਦਾ ਹੈ। ਅਜਿਹੇ ਗੁਰੂ ਪ੍ਰਾਇਨੀ ਹੁਕਮੀ ਬੰਦੇ ਗੁਰੂ ਕੇ ਹਲਤ ਪਲਤ ਵਿਖੇ ਮੁਖ ਉਜਲੇ ਹੁੰਦੇ ਹਨ। ਓਹ ਵਾਹਿਗੁਰੂ ਦੀ ਸਚੀ ਦਰਗਾਹ ਵਿਚਿ ਸੁਰਖਰੂਈ ਦੇ ਸਿਰੋ ਪਾਓ ਸੇਤੀ ਪਧੇ ਜਾਵੰਦੇ ਹਨ। ਗੁਰੂ ਤੋਂ ਬੇਮੁਖਾਂ ਖੋਟੇ ਮਨ ਮੁਖ ਹਤਿਆਰਿਆਂ ਅੰਦਰਿ ਖੋਟ ਹੀ ਹੁੰਦੀ ਹੈ। ਓਹ ਨਿਤ ਖੋਟ ਹੀ ਕਮਾਵੰਦੇ ਹਨ। ਓਹਨਾਂ ਨੂੰ ਓਹਨਾਂ ਦੇ ਬੀਜੇ ਖੋਟ ਦਾ ਤਿਵੇਹੋ ਜਿਹਾ ਹੀ ਖੋਟਾ ਫਲ ਮਿਲਦਾ ਹੈ ਫਲ ਪਰਦਾਤੇ ਦੀ ਦਰਗਾਹੋਂ ਕਰਮਾਂ ਸੰਦੜੇ ਖੇਤ ਵਿਚ ਜੇਹਾ ਬੀਜਦਾ ਹੈ ਤੇਹਾ ਫਲ ਪਾਉਂਦਾ ਹੈ। ਫਲ ਦੇਵਣ ਲਾਵਣ ਹਾਰ ਫਲ ਪਰਦਾਤਾ ਗੁਰੂ ਆਪ ਹੈ। ਕਰਮਾਂ ਦੇ ਵਸਿ ਕੁਛ ਨਹੀਂ ਨਾ ਕਰਮ ਕਰਨ ਹਾਰੇ ਅਲਪਗ ਬੰਦੇ ਦੇ ਹੀ ਹਥਿ ਵਸਿ ਹੈ। ਯਥਾ ਗੁਰਵਾਕ :-

ਸਤਿਗੁਰੁ ਧਰਤੀ ਧਰਮ ਹੈ
ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ।।
ਗੁਰਸਿਖੀ ਅੰਮ੍ਰਿਤੁ ਬੀਜਿਆ
ਤਿਨ ਅੰਮ੍ਰਿਤ ਫਲੁ ਹਰਿ ਪਾਏ।।
ਓਨਾ ਹਲਤਿ ਪਲਤਿ ਮੁਖ ਉਜਲੇ
ਓਇ ਹਰਿ ਦਰਗਹ ਸਚੀ ਪੈਨਾਏ।।
ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ
ਓਹੁ ਜੇਹਾ ਬੀਜੇ ਤੇਹਾ ਫਲੁ ਖਾਏ।।
(ਗਉੜੀ ਕੀ ਵਾਰ ਮਹਲਾ ੪)(੩੦੨-੦੩)

ਕਰਮਾਂ ਦੀ ਕਿਰਸਾਣੀ ਦਾ ਖੇਤ ਸਭੁ ਹਰਿ ਕਰਤੇ ਦਾ ਹੀ ਹੈ। ਸਭ ਕਿਸੇ ਨੂੰ ਵਾਹਿਗੁਰੂ ਕਰਤੇ ਪੁਰਖ ਨੇ ਆਪਿ ਹੀ ਕਿਰਸਾਣੀ ਕਰਨ ਲਾਇਆ ਹੈ। ਗੁਰਮੁਖਾਂ ਦੀ ਖੇਤੀ ਦਾ ਵਾਹਿਗੁਰੂ ਦੀ ਬਖਸ਼ਸ਼ ਨਾਲਿ ਖੂਬ ਜਮਾਉ ਜੰਮਦਾ ਹੈ। ਵਾਹਿਗੁਰੂ ਪ੍ਰਾਇਣੀ ਕਰਮ ਕਮਾਇਕੇ ਗੁਰਮੁਖ ਸਦਾ ਹੀ ਲਾਹੇਵੰਤ ਰਹਿੰਦੇ ਹਨ। ਮਨਮੁਖਾਂ ਨੂੰ ਲਾਹੇ ਦੇ ਥਾਂ ਘਾਟਾ ਹੀ ਰਹਿੰਦਾ ਹੈ। ਓਹ ਸਗੋਂ ਅਪਣਾ ਅਗਲੀ ਮੂਲ ਭੀ ਗਵਾਇ ਬਹਿੰਦੇ ਹਨ। ਸਭ ਕੋਈ ਅਪਣੇ ਭਲੇ ਨੂੰ ਬੀਜਦਾ ਹੈ। ਪਰ ਜੋ ਖੇਤ ਕਰਤੇ ਪੁਰਖ ਨੂੰ ਭਾਵੰਦਾ ਹੈ


www.AKJ.Org

ਸੋ ਖੇਤ ਸਫਲ ਫਲਾਵੰਦਾ ਹੈ। ਗੁਰੇ ਸਿਖਾਂ ਨੇ ਅੰਮ੍ਰਿਤ ਬੀਜ ਬੀਜਿਆ ਹੈ। ਤਿਨਾ ਨੂੰ ਫਲ ਪਰਦਾਤੇ ਪੁਰਖ ਬਿਧਾਤੇ ਵਾਹਿਗੁਰੂ ਵਲੋਂ ਅੰਮ੍ਰਿਤ ਫਲ ਹੀ ਪਰਦਾਨ ਹੁੰਦਾ ਹੈ। ਓਹਨਾਂ ਦੀ ਕਿਰਸਾਣੀ ਖੇਤੀ ਸਫਲ ਫੁਲਾਉਂਦੀ ਹੈ। ਜੋ ਜਮ ਰੂਪੀ ਚੂਹਾ ਹੋਰਨਾਂ ਦੀਆਂ ਕਿਰਸ ਖੇਤੀਆਂ ਨੂੰ ਨਿਤ ਕੁਰਕਦਾ ਹੈ. ਓਹ ਗੁਰਮੁਖ ਸਿਖਾਂ ਦੀ ਖੇਤੀ ਕਿਰਸ ਨੂੰ ਨਹੀਂ ਕੁਰਕ ਬੁਰਕ ਸਕਦਾ। ਵਾਹਿਗੁਰੂ ਕਰਤੇ ਪੁਰਖ ਨੇ ਇਸ ਜਮ ਰੂਪੀ ਚੂਹੇ ਨੂੰ ਗੁਰਮੁਖਾਂ ਦੀ ਕਿਰਸ ਖੇਤੀ ਵਿਚੋਂ ਮਾਰਕੇ ਬਾਹਿਰ ਕਢ ਕਢਾਇ ਦਿਤਾ ਹੈ। ਗੁਰਮੁਖਾਂ ਦੀ ਅੰਮ੍ਰਿਤ ਬੀਜ ਬੀਜਣੀ ਖੇਤੀ ਕਿਰਸਾਣੀ ਖੂਬ ਭਾਉ ਭਰੰਬਰੀ ਹੋ ਕੇ ਜੰਮਦੀ ਫਲਦੀ ਹੈ। ਵਾਹਿਗੁਰੂ ਦੀ ਨਦਰ ਕਰੰਮੀ ਬਖਸ਼ਿਸ਼ ਨਾਲਿ ਬੋਹਲਾਂ ਦੇ ਬੋਹਲੁ ਲਗ ਜਾਂਦੇ ਹਨ। ਗੁਰੂ ਕਰਤਾਰ ਨੂੰ ਧਿਆਉਣ ਹਾਰਿਆਂ ਸਤਿਗੁਰੂ ਸਤਿ ਪੁਰਖ ਦੇ ਸਚਿਆਰ ਸਿਖਾਂ ਗੁਰਮੁਖ ਜਨਾਂ ਦਾ ਕਰਤੇ ਪੁਰਖ ਨੇ ਸਭ ਕਾੜਾ ਅੰਦੇਸਾ ਲਾਹ ਦਿਤਾ ਹੈ। ਓਹਨਾਂ ਨੂੰ ਚਿੰਤਾ ਕਲਪਣਾ ਕੁਝ ਨਹੀਂ ਰਹਿੰਦੀ। ਡੋਰੀ ਜੋ ਓਹਨਾਂ ਨੇ ਗੁਰੂ ਕਰਤਾਰ ਦੇ ਭਰੋਸੇ ਉਤੇ ਛਡੀ ਹੁੰਦੀ ਹੈ। ਨਾਮ ਅਰਾਧਨ ਵਾਲੇ ਗੁਰਮੁਖ ਜਨ ਗੁਰੂ ਨਾਨਕ ਦੀ ਨਦਰ ਮੇਹਰ ਨਾਲ ਆਪ ਹੀ ਤਰ ਜਾਂਦੇ ਹਨ। ਅਤੇ ਅਪਣੀ ਸਤਿ ਸੰਗਤਿ ਦੇ ਪ੍ਰਭਾਵ ਨਾਲਿ ਸਾਰੇ ਸੰਸਾਰੀਆਂ ਵਿਖੇ ਭੀ ਏਹੋ ਨਾਮ ਅੰਮ੍ਰਿਤ ਦੇ ਛੀਟਿਆਂ ਦਾ ਸੰਚਾਰਾ ਵਰਤਾਰਾ ਵਰਤਾਉਂਦੇ ਹਨ। ਜਿਸ ਤੋਂ ਸਾਰੇ ਸੰਸਾਰ ਨਿਸਤਾਰੇ ਦਾ ਬਾਨਣੂ ਬੁਝਦਾ ਹੈ। ਯਥਾ ਗੁਰਵਾਕ :-

ਹਰਿ ਪ੍ਰਭ ਕਾ ਸਭੁ ਖੇਤੁ ਹੈ
ਹਰਿ ਆਪਿ ਕਿਰਸਾਣੀ ਲਾਇਆ।।
ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ।।
ਸਭ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ।।
ਗੁਰ ਸਿਖੀ ਹਰਿ ਅੰਮ੍ਰਿਤੁ ਬੀਜਿਆ
ਹਰਿ ਅੰਮ੍ਰਿਤੁ ਨਾਮੁ ਫਲੁ ਅੰਮ੍ਰਿਤੁ ਪਾਇਆ।।
ਜਮੁ ਚੂਹਾ ਕਿਰਸ ਨਿਤ ਕੁਰਕਦਾ
ਹਰਿ ਕਰਤੈ ਮਾਰਿ ਕਢਾਇਆ।।
ਕਿਰਸਾਣੀ ਜੰਮੀ ਭਾਉ ਕਰਿ ਹਰਿ
ਬੋਹਲ ਬਖਸ ਜਮਾਇਆ।।
ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨ
ਜਿਨੀ ਸਤਿਗੁਰ ਪੁਰਖੁ ਧਿਆਇਆ।।
ਜਨ ਨਾਨਕ ਨਾਮੁ ਅਰਾਧਿਆ
ਆਪਿ ਤਰਿਆ ਸਭੁ ਜਗਤੁ ਤਰਾਇਆ।।
(ਗਉੜੀ ਕੀ ਵਾਰ ਮਹਲਾ ੪) (੩੦੪)

ਗੁਰਮੁਖ ਜਨਾਂ ਦੇ ਨਾਮ ਰੰਗਣੀ ਨਿਸਕਾਮ ਕਰਮ ਆਪਣੀ ਅਹੰਮਤ ਉਕਤ ਸਿਆਣਪ ਤੋਂ ਰਹਿਤ ਹੁੰਦੇ ਹਨ। ਓਹ ਦਿਨ ਰੈਣ ਨਾਮ ਵਖਾਨਣ ਵਿਚਿ ਹੀ ਮਗਨ ਰਹਿੰਦੇ ਹਨ। ਅਪਣੇ ਆਪ ਨੂੰ ਮਨ ਬਚ ਕਰਮ ਕਰਕੇ ਗੁਣ ਹੀਣ ਨਿਰਗੁਣ ਹੀ ਸਮਝਦੇ ਹਨ। ਅਪਣੀ ਕਰਨੀ ਉਤੇ ਮਾਣ ਨਹੀਂ ਕਰਦੇ। ਏਹੋ ਕਹਿੰਦੇ ਹਨ ਮੈਂ ਕਉਣ ਹਾਂ ਕਰਮ ਕਰਨੀ ਕਰਨ ਵਾਲਾ ਮੇਰੇ ਵਿਚ ਤਾਂ ਕੋਈ ਭੀ ਗੁਣ ਨਹੀਂ। ਕਰਨ ਕਰਾਵਨਹਾਰ ਵਾਹਿਗੁਰੂ ਆਪਿ ਹੈ।

ਉਕਤਿ ਸਿਆਣਪ ਕਿਛੂ ਨ ਜਾਨਾ।।
ਦਿਨ ਰੈਣਿ ਤੇਰਾ ਨਾਮੁ ਵਖਾਨਾ।।
ਮੈ ਨਿਰਗੁਨ ਗੁਣੁ ਨਾਹੀ ਕੋਇ।।
ਕਰਨ ਕਰਾਵਨਹਾਰ ਪ੍ਰਭ ਸੋਇ।। (੩੮੭-੮੮)

ਸਚਮੁਚ ਵਾਸਤਵੀ ਨਿਸਚਿਤ ਗੁਰਮਤਿ ਗੂੜ ਭੇਵ ਅਭੇਵ ਇਹੀ ਹੈ ਕਿ:-

ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ।।
(੭੬੬)

ਇਸ ਗੁਰਮਤਿ ਗੂੜ ਰਮਜ਼ ਦੀ ਕੀਮਤਿ ਕੇਵਲ ਗੁਰਮੁਖ ਜਨ ਹੀ ਜਾਣਦੇ ਹਨ। ਹੋਰ ਕਿਸੇ ਨੂੰ ਇਸ ਗਲ ਦਾ ਕੀ ਭੇਵ ਮਿਲ ਸਕਦਾ ਹੈ। ਕਰਮਾਂ ਸੁਕਰਮਾਂ ਦਾ ਫਲ ਪਰਦਾਤਾ ਆਪਿ ਗੁਰੂ ਕਰਤਾਰ ਜੋ ਹੋਇਆ। ਫਲ ਪਰਦਾਤਨੀ ਕਿਰਤ ਵਾਲੇ ਜੋ ਜੋ ਕਰਮ ਭੀ ਕੋਈ ਜਨ ਕਰਦਾ ਹੈ ਤਿਨਾਂ ਤੇ ਉਹ ਕਰਮ ਫਲ ਪਰਦਾਤਾ ਕਰਮ ਬਿਧਾਤਾ ਕਰਤਾ ਪੁਰਖ ਗੁਰੂ ਕਰਤਾਰ ਹੀ ਕਰਾਉਂਦਾ ਹੈ। ਕਰਮ ਲਿਖਤੇ ਜ਼ੁਮਰੇ ਵਿਚ ਜੋ ਕਰਮ ਕਿਸੇ ਵਲੋਂ ਕਰੇ ਜਾਣੇ ਹਨ ਓਹ ਉਸਦੇ ਅਪਣੇ ਨਹੀਂ ਹੁੰਦੇ। ਅਜੇਹੇ ਧੁਰਿ ਲਿਖਤੇ ਕਰਮਾਂ ਦਾ ਲੇਖਾ ਕਰਮ ਕਰਨਹਾਰੇ ਤੇ ਕੁਛ ਨਹੀਂ ਲਿਆ ਜਾਂਦਾ। ਇਹ ਤਾਂ ਲੇਖ ਅਲੇਖੀ ਕਰਮ ਹਨ ਜਿਨਾਂ ਦਾ ਕਰਾਵਨਹਾਰ ਆਪਿ ਕਰਤਾ ਪੁਰਖ ਕਰਮ ਬਿਧਾਤਾ ਹੈ। ਏਹ ਲੇਖ ਸੁਲੇਖੀ ਕਰਮ ਕਰਮ ਕਰੰਤੇ ਗੁਰਮੁਖ ਜਨ ਦੀ ਸ੍ਰਿਸਤ ਵਿਚਿ ਸੁਤੇ ਹੀ ਅਕੰਰਤ ਹੁੰਦੇ ਹਨ। ਸੁਕ੍ਰਿਤ ਕਰਨੀ ਵਾਲੇ ਗੁਰਮੁਖ ਜਨ ਜੀਵਤ ਮਿਰਤਕ ਹੋ ਕੇ ਅਤੇ ਵਾਹਿਗੁਰੂ ਪਰਮਾਤਮਾ ਨਾਲਿ ਇਕ ਮਿਕਤਾ ਸਹਿਤ ਮਿਲੇ ਹੋਏ ਹੋ ਕੇ ਭੀ ਸੁਤੇ ਸਹਿਜੀ ਕਰਮ ਜੋ ਕਰਦੇ ਕਰਾਵੰਦੇ ਹਨ ਓਹ ਸਭ ਲੇਖੇ ਤੋਂ ਬਾਹਰ ਹੁੰਦੇ ਹਨ। ਓਹਨਾਂ ਦਾ ਕਰਾਵਨਹਾਰਾ ਵਾਹਿਗੁਰੂ ਪਰਮਾਤਮਾ ਆਪਿ ਹੁੰਦਾ ਹੈ। ਓਹਨਾਂ ਦਾ ਸਭ ਲੇਖਾ ਛੁਟਕ ਜਾਂਦਾ ਹੈ।

ਜਿਨ ਕਉ ਤੂੰ ਹਰਿ ਮੇਲਹਿ ਸੁਆਮੀ
ਸਭੁ ਤਿਨਕਾ ਲੇਖਾ ਛੁਟਕ ਗਇਆ।।
ਤਿਨਕੀ ਗਣਤ ਨ ਕਰਿਅਹੁ ਕੋ ਭਾਈ
ਜੋ ਗੁਰ ਬਚਨੀ ਹਰਿ ਮੇਲਿ ਲਇਆ।।੪।।੨।।
(ਤੁਖਾਰੀ ਮਹਲਾ ੪) (੧੧੧੪)



www.AKJ.Org

## ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ। 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਿਤਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-139 ਸਾਢੇ 23 ਸਾਲਾ ਬੀਬੀ, B.A., B.E.M.S., ਅਤੇ ਕੰਪਿਊਟਰ ਕੋਰਸ ਪਾਸ ਬੀਬੀ ਆਪਣੇ ਰਿਹਾਇਸ਼ੀ ਮਕਾਨ ਤੇ ਕਲੀਨਿਕ ਚਲਾ ਰਹੀ ਮਾਸਿਕ ਆਮਦਨ 3000/- ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-140 26 ਸਾਲਾ, 5' 6" ਕੱਦ, M.Sc. Agri. ਪਾਸ ਕੀਰਤਨੀਏ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ

LD-141 29 ਸਾਲਾ, M.A. ਪਾਸ, ਸਟੈਨੋ ਕਮ ਕੰਪਿਊਟਰ ਅਪਰੇਟਰ 6000/-ਮਾਸਿਕ ਤਨਖਾਹ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-142 ਸਾਢੇ 24 ਸਾਲਾ, ਮੈਟ੍ਰਿਕ ਪਾਸ, ਕੱਦ 5' 7" ਆਪਣਾ ਕੰਮ 4000/- ਮਾਸਿਕ ਆਮਦਨ ਵਾਲੇ ਕੀਰਤਨੀਏ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-143 24 ਸਾਲਾ ਕੱਦ, 4'10"+2 ਪਾਸ ਬੀਬੀ ਲਈ ਵਰ ਦੀ ਲੋੜ ਹੈ।

LD-144 26 ਸਾਲਾ, ਕੱਦ 5' 3", ਬੀ. ਏ. ਬੀ. ਐਡ ਪਾਸ ਪ੍ਰਾਈਵੇਟ ਸਕੂਲ ਵਿਚ ਨੌਕਰੀ ਅਤੇ ਟਿਊਸ਼ਨਾਂ ਕਰ ਰਹੀ 4000/- ਮਾਸਿਕ ਆਮਦਨ ਵਾਲੀ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-145 ਸਾਢੇ 22 ਸਾਲਾ, 5' 3", ਐਮ. ਏ final ਕਰ ਰਹੀ ਕੀਰਤਨੀ ਤੇ ਅਖੰਡ ਪਾਠੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-146 ਸਾਢੇ 23 ਸਾਲਾ ਕੱਦ 6' 2", 10+2 ਅਤੇ ਇਲੈਕਟ੍ਰੋਨਿਕ ਡਿਪਲੋਮਾ ਪਾਸ 2 ਸਾਲਾ ਸਿੱਖ ਮਿਸ਼ਨਰੀ ਕਾਲਜ ਦਾ ਕੋਰਸ ਪਾਸ ਆਪਣਾ ਕਾਰੋਬਾਰ 20,000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ। ਕੈਨੇਡੀਅਨ ਨਾਗਰਿਕ ਨੂੰ ਪਹਿਲ।

LD-147 19 ਸਾਲਾ ਕੱਦ 5', +2 ਪਾਸ ਘਰੇਲੂ ਕੰਮਕਾਜ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ: ਸੇਵਾ ਸਿੰਘ ਜੀ | ੨੫੧/- | ਸ੍ਰ: ਦਮਨ ਜੀਤ ਸਿੰਘ | ੨੫੦/- |
| ਗੁਪਤ- | ੭੦/- | | |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ: ਹਰਭਜਨ ਸਿੰਘ ਜੀ | ੧੦੦/- | ਸ੍ਰ: ਮਨਮੀਤ ਸਿੰਘ ਜੀ | ੨੦੦/- |
| ਮਾਸਟਰ ਬਲਜਿੰਦਰ ਸਿੰਘ ਜੀ | ੫੦੦/- | ਸੂਬੇਦਾਰ ਅਜੀਤ ਸਿੰਘ | ੫੦/- |

## ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਤਰਾਂ ਦੇ ਚਿੱਠੀ, ਪੱਤਰ, ਜਾਂ ਹੋਰ ਛਪਣ ਸਮੱਗਰੀ ਭੇਜਣ ਸਮੇਂ ਆਪਣਾ ਨਾਮ ਅਤੇ ਪੂਰਾ ਪਤਾ ਸਾਫ਼ ਸਪਸ਼ਟ ਲਿਖੋ ਜੀ। ਨਾਮ ਪਤੇ ਤੋਂ ਬਗੈਰ ਕਿਸੇ ਵੀ ਪੱਤਰ ਤੇ ਵਿਚਾਰ ਨਹੀਂ ਹੋਵੇਗੀ ਜੀ।
2. ਕੋਈ ਵੀ ਚਿੱਠੀ ਪੱਤਰ ਜਾਂ ਰਚਨਾ ਸਾਫ਼ ਸਪਸ਼ਟ ਲਿਖਾਈ ਵਿਚ ਲਿਖ ਕੇ ਭੇਜੋ ਜੀ ਤਾਂ ਕਿ ਸਮਝਣ ਵਿਚ ਕੋਈ ਭੁਲੇਖਾ ਨਾ ਲੱਗੇ।

## ਜ਼ਰੂਰੀ ਸੂਚਨਾ

ਸਾਰੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਕਿਸੇ ਵੀ ਤਰਾਂ ਦਾ ਚਿੱਠੀ ਪੱਤਰ ਭੇਜਣ ਸਮੇਂ ਵਧੇ ਹੋਏ ਡਾਕ ਖਰਚ ਦਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜੋ ਜੀ। ਬੈਰੰਗ (ਬਿਨਾਂ ਟਿਕਟ ਤੋਂ) ਜਾਂ ਘੱਟ ਟਿਕਟਾਂ ਲੱਗੇ ਪੱਤਰ ਸੂਰਾ ਦਫ਼ਤਰ ਵੱਲੋਂ ਪ੍ਰਾਪਤ ਨਹੀਂ ਕੀਤੇ ਜਾਣਗੇ।

## ਯੂ. ਕੇ. ਵਿਚ ਮੋਖ ਰਹਿਤ ਗੁਰਮਤਿ ਦੀਆਂ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾਂ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ 11-AApollo Way PERRYBARR BIRMINGHIM-20(U.K.)

www.AKJ.Org

## ਦਿੱਲੀ ਵਿਖੇ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

8-10-97 ਬੁਧਵਾਰ ਸ਼ਾਮ 7 ਤੋਂ 9 ਵਜੇ ਤੱਕ ਅਖੰਡ ਕੀਰਤਨ ਗੁ: ਸਿੰਘ ਸਭਾ ਕਰੋਲ ਬਾਗ ਵਿਖੇ।
9-10-97 ਵੀਰਵਾਰ ਸਵੇਰੇ 5 ਵਜੇ ਤੋਂ ਦੁਪਹਿਰ ਤੱਕ ਅਖੰਡ ਕੀਰਤਨ ਗੁ: ਸੀਸ ਗੰਜ ਚਾਂਦਨੀ ਚੌਂਕ ਵਿਖੇ।
ਸ਼ਾਮ 7 ਤੋਂ 9 ਵਜੇ ਤੱਕ ਗੁ: ਨਾਨਕ ਪਿਆਓ ਵਿਖੇ।
10-10-97 ਸ਼ੁਕਰਵਾਰ ਸਵੇਰੇ 5 ਵਜੇ ਤੋਂ ਦੁਪਹਿਰ ਤੱਕ ਗੁ: ਬੰਗਲਾ ਸਾਹਿਬ ਵਿਖੇ ਅਖੰਡ ਕੀਰਤਨ।
ਸ਼ਾਮ 7 ਤੋਂ 9 ਤੱਕ ਗੁ: ਬੰਗਲਾ ਸਾਹਿਬ ਵਿਖੇ ਅਖੰਡ ਕੀਰਤਨ।
11-10-97 ਸ਼ਨੀਵਾਰ ਸਵੇਰੇ 5 ਵਜੇ ਤੋਂ ਦੁਪਹਿਰ ਤੱਕ ਗੁ: ਬੰਗਲਾ ਸਾਹਿਬ ਵਿਖੇ ਅਖੰਡ ਕੀਰਤਨ।
ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਰਕਾਬ ਗੰਜ ਸਾਹਿਬ ਵਿਖੇ।
ਅੰਮ੍ਰਿਤ ਸੰਚਾਰ:- 11-10-97 ਸ਼ਾਮ 7 ਵਜੇ ਗੁ: ਰਕਾਬ ਗੰਜ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।
ਰਿਹਾਇਸ਼ ਤੇ ਲੰਗਰ:- ਗੁਰੂ ਤੇਗ ਬਹਾਦਰ ਖਾਲਸਾ ਸੀ: ਸੈਕੰਡਰੀ ਸਕੂਲ ਦੇਵ ਨਗਰ ਕਰੋਲ ਬਾਗ ਨਵੀਂ ਦਿੱਲੀ ਵਿਖੇ।

## ਪਿੰਡ ਘੁੱਦੂਵਾਲਾ ਡਾਕਖਾਨਾ ਮੱਖੂ ਫਿਰੋਜ਼ਪੁਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ

ਬੀਬੀ ਰਾਜਿੰਦਰ ਕੌਰ ਸਪੁੱਤਰੀ ਸ੍ਰ: ਪਿਆਰਾ ਸਿੰਘ ਦੇ ਗ੍ਰਿਹ 14 ਤੋਂ 16 ਅਕਤੂਬਰ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਕੀਰਤਨ ਸਮਾਗਮ ਹੋਣਗੇ।

## ਦੋਰਾਹਾ (ਲੁਧਿਆਣਾ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਦੋਰਾਹਾ ਵਿਖੇ 18 ਅਕਤੂਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ।

## ਕਾਹਨੂੰਵਾਲ (ਛੰਭ) ਗੁਰਦਾਸਪੁਰ ਵਿਖੇ ਅਖੰਡ ਕੀਰਤਨ ਸਮਾਗਮ

ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ 25 ਅਕਤੂਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ। ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

## ਪਿੰਡ ਦਿਆਲਪੁਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

15 ਅਕਤੂਬਰ ਤੋਂ 25 ਅਕਤੂਬਰ 1997 ਤੱਕ ਪੰਜ ਸ੍ਰੀ ਅਖੰਡ ਪਾਠ ਸਾਹਿਬ। 25 ਅਕਤੂਬਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦਿਵਸ ਸੁਹੇਲੇ ਕੀਰਤਨ ਤੇ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ। (ਨੋਟ :- 24 ਅਕਤੂਬਰ ਸ਼ਾਮ ਨੂੰ ਵੀ 7 ਤੋਂ 10 ਵਜੇ ਤੱਕ ਅਖੰਡ ਕੀਰਤਨ ਸਮਾਗਮ ਹੋਣਗੇ) ਸਾਰਾ ਸਮਾਗਮ ਗੁ: ਪੜਿਆਂ ਵਾਲੀ ਵਿਖੇ ਹੀ ਹੋਵੇਗਾ।

**ਪਿੰਡ ਖਾਨਪੁਰ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ 25 ਅਕਤੂਬਰ ਰਾਤ ਨੂੰ ਸੰਗਤਾਂ ਨੂੰ ਲਿਜਾਣ ਲਈ ਗੱਡੀ ਗੁ: ਸਿੰਘ ਸਭਾ ਮਾਡਲ ਟਾਊਨ ਤੋਂ ਸ਼ਾਮ 8 ਵਜੇ ਚੱਲੇਗੀ।**

## ਪਿੰਡ ਮੁੰਡੀ ਖਰੜ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਦਿਵਸ ਸੁਹੇਲਾ ਕੀਰਤਨ

ਭਾਈ ਰਣਜੀਤ ਸਿੰਘ ਗੁਰਚਰਨ ਸਿੰਘ ਜੀ ਦੇ ਗ੍ਰਿਹ ਵਿਖੇ 2 ਨਵੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦਿਵਸ ਸੁਹੇਲਾ ਕੀਰਤਨ ਸਮਾਗਮ ਖਰੜ ਬੱਸ ਅੱਡੇ ਤੋਂ ਹਰ 15 ਮਿੰਟ ਬਾਅਦ ਬੱਸ ਮਿਲਦੀ ਹੈ।

## ਪਿੰਡ ਘੁਮਾਣ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ 8 ਨਵੰਬਰ 1997 ਨੂੰ

## ਗੁ: ਪੁਲ ਪੁਖਤਾ ਨੇੜੇ ਉੜਮੁੜ ਟਾਂਡਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

8-11-97 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ ਸ਼ਾਮ ਨੂੰ ਸੋਦਰ ਉਪੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ। ਟਾਂਡੇ ਤੋਂ ਹਰ ਵੇਲੇ ਟੈਂਪੂ ਸਰਵਿਸ ਮਿਲਦੀ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਤੇ ਸਾਲਾਨਾ ਅਖੰਡ ਕੀਰਤਨ ਜਲੰਧਰ ਵਿਖੇ।

ਹਰ ਸਾਲ ਦੀ ਤਰਾਂ ਲਾਇਲਪੁਰ ਖਾਲਸਾ ਸੀ: ਸੈਕੰਡਰੀ ਸਕੂਲ ਨਕੋਦਰ ਰੋਡ ਜਲੰਧਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਅਵਸਰ ਤੇ 12-11-97 ਤੋਂ 15-11-97 ਤੱਕ ਅਖੰਡ ਕੀਰਤਨ ਸਮਾਗਮ ਹੋਣਗੇ। ਪੂਰਾ ਵੇਰਵਾ ਆਉਂਦੇ ਪਰਚੇ ਵਿਚ ਛਪੇਗਾ।



www.AKJ.Org